# ਬਿਸਾਤ

(ਕਾਵਿ-ਸੰਗ੍ਰਹਿ)

## *ਇਸੇ ਕਲਮ ਤੋਂ*

### **ਮੌਲਿਕ ਕਾਵਿ-ਸੰਗ੍ਰਹਿ**

• ਸਿਜਦੇ ਜੁਗਨੂੰਆਂ ਨੂੰ (**ਕਵਿਤਾ**) • ਸਪੰਦਨ (**ਕਵਿਤਾ**) • ਇਕ ਟੋਟਾ ਵਰੇਸ (**ਕਵਿਤਾ**) • ਏਕਮ ਦੀ ਫਾਂਕ (**ਕਵਿਤਾ**) • ਕਿਣ ਮਿਣ ਅੱਖਰ (**ਕਵਿਤਾ**) • ਸ਼ੀਸ਼ੇ ਦੀ ਜੂਨ (**ਕਵਿਤਾ**) • ਕਿਥੋਂ ਆਉਂਦੀ ਕਵਿਤਾ (**ਕਵਿਤਾ**) • ਕਦੇ ਕਦਾਈਂ (**ਕਵਿਤਾ**) • ਘਰ ਘਰ (**ਕਵਿਤਾ**) • ਆਪਣੇ ਤੋਂ ਆਪਣੇ ਤਕ (**ਕਵਿਤਾ**) • ਕਦੇ ਤਾਂ ਮਿਲ ਜ਼ਿੰਦਗੀ (**ਕਵਿਤਾ**) • ਵਿਚਲਾ ਮੌਸਮ (**ਕਵਿਤਾ**) • ਘਰ ਘਰ ਤੇ ਘਰ (**ਕਵਿਤਾ**) • ਮਿੱਟੀ ਦੀ ਗੌਰਵ ਗਾਥਾ • ਜੜ੍ਹਾਂ ਦੇ ਵਿਚ ਵਿਚਾਲੇ (**ਵਾਰਤਕ**)

### **ਅਨੁਵਾਦ**

- ਖੰਭੜੀਆਂ (**ਹਿੰਦੀ ਕਵਿਤਾਵਾਂ ਦਾ ਪੰਜਾਬੀ ਅਨੁਵਾਦ**)
- ਮਨੋਜ ਸ਼ਰਮਾ ਦੀਆਂ ਚੋਣਵੀ ਹਿੰਦੀ ਕਵਿਤਾ ਦਾ ਪੰਜਾਬੀ ਵਿਚ ਅਨੁਵਾਦ
- ਮਨ ਦਾ ਪੰਛੀ (**ਅਨੁਵਾਦ, ਐੱਨ.ਬੀ.ਟੀ. ਲਈ ਹਿੰਦੀ ਬਾਲ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ**)
- ਕੁਆਰਨਟਾਈਨ ਤੇ ਹੋਰ ਕਹਾਣੀਆਂ (**ਹਿੰਦੀ ਕਹਾਣੀਆਂ, ਛਪਾਈ ਅਧੀਨ**)

### **ਸੰਪਾਦਨ**

- ਲਾਰੰਸ ਆਫ਼ ਥਲੇਬੀਆ ਤੇ ਹੋਰ ਕਹਾਣੀਆਂ (**ਪਾਕਿਸਤਾਨੀ ਚੋਣਵੀਆਂ ਕਹਾਣੀਆਂ**)
- ਮਿੱਟੀ ਦੇ ਵਣਜਾਰੇ (**ਕਿਸਾਨੀ ਕਵਿਤਾਵਾਂ, ਸੰਪਾ. ਅਰਤਿੰਦਰ ਸੰਧੂ, ਡਾ. ਮੋਹਨ ਸਿੰਘ ਤਿਆਗੀ**)
- ਮੈਗ਼ਜ਼ੀਨ 'ਸਾਹਿਤਕ ਏਕਮ' ਦੀ 2012 ਤੋਂ ਨਿਰੰਤਰ ਸੰਪਾਦਨਾ

### **ਅਰਤਿੰਦਰ ਸੰਧੂ 'ਤੇ ਹੋਇਆ ਅਨੁਵਾਦ/ਖੋਜ/ਆਲੋਚਨਾਤਮਕ ਕਾਰਜ**

- ਅਰਤਿੰਦਰ ਸੰਧੂ ਦਾ ਕਾਵਿ–ਚਿੰਤਨ (ਡਾ. ਮੋਹਨ ਸਿੰਘ ਤਿਆਗੀ)
- ਅਰਤਿੰਦਰ ਸੰਧੂ ਦਾ ਕਾਵਿ–ਸੰਸਾਰ (ਐੱਮ.ਫਿਲ. ਖੋਜ–ਨਿਬੰਧ, ਖੋਜਾਰਥੀ ਰਮੇਸ਼ ਕੁਮਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2019)
- ਕਵਿਤਾ ਕੀ ਦਸਤਕ
  (**ਅਰਤਿੰਦਰ ਸੰਧੂ ਦੀ ਪੰਜਾਬੀ ਕਵਿਤਾ ਦਾ ਹਿੰਦੀ ਅਨੁਵਾਦ, ਅਨੁਵਾਦਕ : ਅਮੀਆ ਕੁੰਵਰ**)
- ਖ਼ਾਮੋਸ਼ ਸਦੀ ਦੀ ਦਾਸਤਾਨ
  (**ਅਰਤਿੰਦਰ ਸੰਧੂ ਦੀ ਚੋਣਵੀਂ ਸ਼ਾਇਰੀ, ਸੰਪਾ. ਡਾ. ਮੋਹਨ ਸਿੰਘ ਤਿਆਗੀ**)
- ਚਾਨਣੀ ਦੇ ਦੇਸ ਵਿਚ
  (**ਅਰਤਿੰਦਰ ਸੰਧੂ ਦੀ ਚੋਣਵੀਂ ਪ੍ਰਗੀਤਕ ਕਵਿਤਾ, ਸੰਪਾ. ਡਾ. ਮੋਹਨ ਸਿੰਘ ਤਿਆਗੀ**)
- ਘਰ ਘਰ ਤੇ ਘਰ ਦੀਆਂ ਕਵਿਤਾਵਾਂ ਦਾ ਡਾ. ਜਸਵਿੰਦਰ ਕੌਰ ਬਿੰਦਰਾ ਵੱਲੋਂ ਹਿੰਦੀ ਵਿਚ ਅਨੁਵਾਦ

# ਬਿਸਾਤ

ਅਰਤਿੰਦਰ ਸੰਧੂ

ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

# Beesat

(Poetry)

by

**Artinder Sandhu**

404, Tilak Nagar, Amritsar

Mob. 9815302081

**ISBN: 978-81-980333-5-2**

**Edition: 2024**

© Author

ਸਕੈੱਚ :

ਸਿਮਰ ਮਜੀਠੀਆ

Published by

Saptrishi Publication

Plot No. 25/6, Industrial Area, Phase-2,

Near Tribune Chowk, Chandigarh.

E-mail-: sapatrishi94@gmail.com


**Visit us at : www.saptrishipublication.com**

94638-36591, 77174-65715

All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.

**Printed at Saptrishi Printers Chandigarh 94638-36591**

ਕਵਿਤਾ ਦੇ
ਪਾਠਕਾਂ
ਨੂੰ



# ਤਤਕਰਾ


ਪ੍ਰਵੇਸ਼ਿਕਾ 9
ਪੁਲ਼ 11
ਡੈੱਡ ਲੈਟਰਜ਼ ਆਫ਼ਿਸ 13
ਅਕੱਥ ਕਥਾ 17
ਕਰਮ ਵਿਕਾਸ ਤੋਂ ਪਿੱਛੋਂ 19
ਪਸ਼ਮੀਨਾ 21
ਵੈਸਲੀਨ 24
ਲਾਲ ਰੰਗ 27
ਅਸੀਂ ਘਾਹ ਹੁੰਦੇ ਹਾਂ 29
ਨਹੁੰ 31
ਨੀਂਦ ਦੇ ਕਤਰੇ 33
ਜ਼ਿੰਦਗੀ ਦਾ ਰਾਬਤਾ 34
ਸ਼ਬਦ ਖ਼ੁਸ਼ ਹਨ 36
ਸਥਾਨ 38
ਚਿੜੀਆ ਘਰ 40
ਪਰੀ ਕਹਾਣੀਆਂ ਪੜ੍ਹਦਿਆਂ 42
ਜਾਦੂਗਰ 45
ਕੰਡੇ ਤਪੱਸਵੀ ਹੁੰਦੇ 47
ਸਮਿਆਂ ਦੀ ਬਿਸਾਤ ’ਤੇ 49
ਸ਼ਤਾਬਦੀਆਂ ਮਨਾਉਂਦਿਆਂ 51
ਚੇਤੇ ਨਹੀਂ ਰਹਿੰਦੀ ਕਵਿਤਾ ਹੁਣ 54
ਪੈਰ 56
ਅਸੀਂ ਆਮ ਲੋਕ 57

| | |
|---|---|
| ਲਾਲ ਦੁਪੱਟਾ ਮਲਮਲ ਦਾ | 60 |
| ਅਸੀਸਾਂ | 61 |
| ਨਵਾਂ ਦੇਵਤਾ | 63 |
| ਸਮੇਂ ਦੀ ਜੂਨ | 65 |
| ਹੁਕਮਰਾਨ | 66 |
| ਵਾਪਸੀ | 68 |
| ਡਰ | 69 |
| ਪਾਰਸ | 72 |
| ਨਾ ਭਈ ਵਾਸਤੂ ! | 73 |
| ਜ਼ਿੰਦਗੀ ਦਾ ਨਾਦ | 75 |
| ਮਾਂ ਬੋਲੀ ਦੀ ਸੇਵਾ | 77 |
| ਵਿਕਾਸ | 79 |
| ਬਦਲਾਅ | 80 |
| ਜ਼ਿੰਦਗੀ | 82 |
| ਜੰਗ | 83 |
| ਜਾਮਨੂੰ | 86 |
| ਖ਼ਤਰਨਾਕ ਜੀਵ | 87 |
| ਇਕੱਠਿਆਂ ਤੁਰਨਾ | 88 |
| ਚੁੰਨੀ ਦੀ ਨੁੱਕਰੇ ਬੱਝੀ ਗੰਢ | 89 |
| ਕਵਿਤਾ ਪੜ੍ਹਦਿਆਂ | 91 |
| ਜਿਊਂਦੇ ਹੋਏ ਹੋਣਾ | 93 |
| ਜਾਪਦਾ ਰਹਿੰਦਾ | 96 |

# ਪ੍ਰਵੇਸ਼ਿਕਾ

ਇੱਕ ਬਿਸਾਤ, ਹਰ ਵਕਤ ਮਨੁੱਖ ਦੇ ਸਾਹਮਣੇ ਵਿਛੀ ਰਹਿੰਦੀ ਹੈ। ਉਹ ਕਿਸੇ ਚੌਪੜ ਜਾਂ ਸ਼ਤਰੰਜ ਵਰਗੀ ਖੇਡ ਦੀ ਬਿਸਾਤ ਨਹੀਂ ਸਗੋਂ ਸਮੇਂ ਵੱਲੋਂ ਸਾਡੇ ਸਾਹਮਣੇ ਹਰ ਪਲ ਵਿਛਾਈ ਜਾ ਰਹੀ ਬਿਸਾਤ ਹੈ। ਸਮੇਂ ਦੀ ਇਹ ਬਿਸਾਤ ਇੱਕ ਪਰਤੀ ਨਹੀਂ। ਇਸ ਦੀਆਂ ਬਹੁਤ ਸਾਰੀਆਂ ਪਰਤਾਂ ਤੇ ਦਿਸ਼ਾਵਾਂ ਨਾਲ ਮਨੁੱਖ ਨੂੰ ਸਿੱਝਣਾ ਪੈਂਦਾ ਰਹਿੰਦਾ ਹੈ। ਇਹਨਾਂ ਪਰਤਾਂ ਨਾਲ ਮਨੁੱਖ ਵੱਲੋਂ ਵਰਤ-ਵਰਤਾ ਵਿਚਲਾ ਦਿਲਚਸਪ ਪੱਖ ਇਹ ਹੈ ਕਿ ਮਨੁੱਖ ਇਹਨਾਂ ਨਾਲ਼ ਨਿਭਦਾ ਵੀ ਰਹਿੰਦਾ ਹੈ ਤੇ ਆਪਣੇ ਇਸ ਨਿਭਾਅ ਨੂੰ ਹਮੇਸ਼ਾ ਮੁਸ਼ਕਿਲ ਵੀ ਮਹਿਸੂਸ ਕਰਦਾ ਰਹਿੰਦਾ ਹੈ। ਇਸ ਮਸਲੇ ਦਾ ਦੂਜਾ ਤੇ ਹਾਂ-ਪੱਖੀ ਪੱਖ ਇਹ ਵੀ ਹੈ ਕਿ ਮੁਸ਼ਕਿਲਾਂ ਨਾਲ਼ ਨਜਿੱਠਦਿਆਂ ਹੋਇਆਂ (ਸ਼ਿਕਾਇਤ ਕਰਦੇ ਰਹਿਣ ਦੇ ਬਾਵਜੂਦ) ਮਨੁੱਖ ਆਪ ਵੀ ਪਰਤ ਦਰ ਪਰਤ ਵਿਕਸਿਤ ਹੁੰਦਾ ਰਹਿੰਦਾ ਹੈ। ਇਹ ਵਿਗਸਦੇ ਰਹਿਣਾ ਹੀ ਉਸ ਨੂੰ ਅੱਜ ਦੇ ਆਧੁਨਿਕ ਕਾਲ ਤੱਕ ਲੈ ਕੇ ਆਇਆ ਹੈ।

ਇਹ ਕਾਲ ਜਾਂ ਸਮਾਂ ਹੀ ਹੈ ਜੋ ਹਮੇਸ਼ਾ ਮਨੁੱਖ ਦੇ ਅੰਦਰ ਨਵੀਆਂ ਚੁਣੌਤੀਆਂ ਤੇ ਰੂਪ ਲੈ ਕੇ ਉੱਤਰਦਾ ਰਹਿੰਦਾ ਹੈ। ਮਨੁੱਖ ਨੇ ਇਹਨਾਂ ਚੁਣੌਤੀਆਂ ਨਾਲ਼ ਆਪਣੇ ਵਿਚਾਰਾਂ, ਕਾਰਜਾਂ ਤੇ ਕਿਰਤਾਂ ਦੇ ਮੋਹਰਿਆਂ ਰਾਹੀਂ ਨਿਭਣਾ ਹੁੰਦਾ ਹੈ ਕਿਉਂਕਿ ਸਮਾਂ ਗਤੀਸ਼ੀਲ ਹੈ, ਮਨੁੱਖ ਵੀ ਗਤੀਸ਼ੀਲ ਹੋਏ ਬਿਨਾਂ ਨਹੀਂ ਰਹਿ ਸਕਦਾ। ਨਾਲ਼ ਹੀ ਸਮੇਂ ਦੇ ਬਹੁਪਰਤੀ ਸੁਭਾਅ ਮੁਤਾਬਿਕ ਮਨੁੱਖ ਦੀ ਇਸ ਨਾਲ਼ ਪ੍ਰਤੀਕਿਰਿਆ ਵੀ ਬਹੁਪਰਤੀ ਹੀ ਹੁੰਦੀ ਹੈ। ਇਹ ਵੱਖ-ਵੱਖ ਸੁਭਾਅ ਵਾਲ਼ੀਆਂ ਪਰਤਾਂ ਜਦ ਸ਼ਬਦਾਂ ਵਿਚ ਉੱਤਰਦੀਆਂ ਹਨ ਤਾਂ ਸਾਹਿਤ ਦਾ ਕੋਈ ਰੂਪ ਉੱਭਰਦਾ ਹੈ।

ਸਾਡੀ ਪੀੜ੍ਹੀ ਦੇ ਲੋਕਾਂ ਨੇ ਪਿਛਲੇ ਸਾਰੇ ਸਮਿਆਂ ਦੇ ਮੁਕਾਬਲੇ, ਆਪਣੇ ਸਮੇਂ ਨੂੰ ਤੇ ਉਸ ਦੇ ਅਸਰ ਹੇਠ ਸਮਾਜ ਨੂੰ ਬੇਹੱਦ ਤੇਜ਼ੀ ਨਾਲ਼ ਬਦਲਦਿਆਂ ਵੇਖਿਆ ਹੈ। ਪਿਛਲੇ ਕਿਸੇ ਵੀ ਸਮੇਂ ਵਿਚ ਕਦੇ ਇਹ ਵਰਤਾਰਾ ਏਨੀ ਤੇਜ਼ੀ ਨਾਲ਼ ਨਹੀਂ ਸੀ ਵਾਪਰਿਆ। ਪਰ ਇਹਨਾਂ ਬਦਲਾਵਾਂ ਦੇ ਦੌਰਾਨ, ਸਮਾਂ ਭਾਵੇਂ ਕਿਸੇ ਵੀ ਰੂਪ ਰੰਗ ਵਾਲ਼ਾ ਰਿਹਾ ਹੋਵੇ, ਸੋਚਵਾਨ ਲੋਕਾਂ ਵੱਲੋਂ ਸੱਤਾ ਦੇ ਗਲਿਆਰਿਆਂ ਦੀ ਆਲੋਚਨਾ ਦਾ ਰੁਝਾਨ ਵੀ ਹਮੇਸ਼ਾ ਰਿਹਾ ਹੀ ਹੈ। ਸਵਾ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ "ਰਾਜੇ ਸ਼ੀਂਹ ਮੁਕੱਦਮ ਕੁੱਤੇ" ਕਿਹਾ ਸੀ। ਇਹ ਕਥਿਤ ਸ਼ੀਂਹਵਾਦ ਜਾਂ ਸੱਤਾਵਾਦ ਲੋਕਾਂ ਨੂੰ ਬੇਚੈਨ ਕਰਦਾ ਹੀ ਰਿਹਾ ਹੈ ਤੇ ਹੁਣ ਵੀ ਕਰ ਰਿਹਾ ਹੈ (ਜਦੋਂ ਕਿ ਸਾਨੂੰ

ਜਾਪਦਾ ਰਹਿੰਦਾ ਹੈ ਕਿ ਪਿਛਲੇ ਵੇਲ਼ਿਆਂ ਵਿਚ ਲੋਕ ਬਹੁਤ ਚੈਨ ਨਾਲ਼ ਰਹਿੰਦੇ ਸਨ)।

ਬਦਲਦੇ ਸਮੇਂ ਨਾਲ਼ ਬਹੁਤ ਕੁਝ ਨਵਾਂ ਪੈਦਾ ਹੋਇਆ ਤੇ ਬਹੁਤ ਕੁਝ ਸਮੇਂ ਦੇ ਪੜਦਿਆਂ ਦੀਆਂ ਤਹਿਆਂ ਵਿਚ ਲੁਪਤ ਵੀ ਹੁੰਦਾ ਰਿਹਾ ਹੈ।ਪਰ ਸੱਤਾ ਆਪਣਾ ਪਰੰਪਰਕ ਰੂਪ ਕਾਇਮ ਰੱਖਦੀ ਰਹੀ ਹੈ। ਇਹ ਰੂਪ ਆਮ ਬੰਦੇ ਦੇ ਮਨ ਵਿਚ ਨਿਰੰਤਰ ਬੇਚੈਨੀ ਉਪਜਾਉਂਦਾ ਹੈ।ਇਸ ਕਿਤਾਬ ਦੀਆਂ ਕਵਿਤਾਵਾਂ ਏਸੇ ਬੇਚੈਨੀ ਦੀ ਉਪਜ ਹਨ।

ਪੰਜਾਬ ਵਿਚੋਂ ਬਾਹਰਲੇ ਦੇਸ਼ਾਂ ਵੱਲ ਪਰਵਾਸ ਦਾ ਹੜ੍ਹ ਆਪਸੀ ਰਿਸ਼ਤਿਆਂ ਵਿਚ ਫ਼ਾਸਲਿਆਂ ਦੇ ਦਰਿਆ ਪੈਦਾ ਕਰ ਰਿਹਾ ਹੈ।ਕਵਿਤਾ 'ਪੁਲ਼' ਏਥੇ ਰਹਿ ਗਈ ਪੀੜ੍ਹੀ ਦੇ ਉਸ ਦਰਦ 'ਚੋਂ ਫੁੱਟੀ ਹੈ।

ਫ਼ਾਸਲਿਆਂ ਦੇ ਦਰਿਆਵਾਂ 'ਤੇ
ਬਹਾਨਿਆਂ ਦੇ ਸਰੀਏ
ਸੋਚਾਂ ਦਾ ਜਾਲ਼
ਤੇ ਮੋਹ ਦਾ ਸੀਮੈਂਟ ਪਾ ਕੇ
ਪੁਲ਼ ਉਸਾਰਦੇ ਹਾਂ ਕੈਸੇ ਕੈਸੇ

ਰਿਸ਼ਤਿਆਂ ਦੇ ਬਦਲੇ ਤੇ ਬਦਲ ਰਹੇ ਰੂਪਾਂ ਨੇ ਵੀ ਪਿਛਲੀ ਪੀੜ੍ਹੀ ਵਿਚ ਉਦਾਸੀ ਪੈਦਾ ਕੀਤੀ ਹੈ। ਆਮ ਆਦਮੀਂ ਨੂੰ ਜਾਪਦਾ ਹੈ ਕਿ ਉਸ ਦੇ ਸਾਰੇ ਦੁੱਖ ਵਰਤਮਾਨ ਸੱਤਾਵਾਦ ਦੀ ਹੀ ਉਪਜ ਹਨ।

ਆਪਣੇ ਕਥਿੱਤ ਵਿਕਾਸ ਦੌਰਾਨ ਮਨੁੱਖ ਦਾ ਕੁਦਰਤ ਤੋਂ ਦੂਰ ਜਾ ਕੇ ਹਨੇਰੀ ਵਰਗੀ ਆਧੁਨਿਕਤਾ ਦੇ ਗੁਲਾਮ ਹੋ ਜਾਣਾ ਵੀ ਇੱਕ ਵੱਡਾ ਕਾਰਨ ਹੈ।ਇਸ ਤੋਂ ਇਲਾਵਾ ਵੀ ਅਜੋਕੇ ਸਮੇਂ ਵਿਚ ਉੱਭਰ ਰਹੇ ਬਹੁਤ ਸਾਰੇ ਅਹਿਸਾਸਾਂ ਬਾਰੇ ਕਵਿਤਾਵਾਂ ਹਨ ਜੋ ਨਿੱਜੀ ਹੁੰਦਿਆਂ ਹੋਇਆਂ ਵੀ ਨਿੱਜੀ ਨਹੀਂ ਹਨ।ਇਹ ਕਿਤਾਬ ਸਮੇਂ ਦੁਆਰਾ ਸਾਡੇ ਸਾਹਮਣੇ ਹਰ ਪਲ ਵਿਛਾਈ ਜਾ ਰਹੀ ਨਵੀਂ ਬਿਸਾਤ ਨਾਲ਼ ਸਾਡੇ ਨਿਭਾਅ ਦੀਆਂ, ਸਾਡੇ ਦੁੱਖਾਂ-ਸੁੱਖਾਂ ਦੀਆਂ ਤਰਬਾਂ ਹਨ।

**ਅਰਤਿੰਦਰ ਸੰਧੂ**

## ਪੁਲ

ਦਹਾਕੇ ਪਹਿਲਾਂ
ਵਿਦੇਸ਼ ਗਿਆ ਉਹ
ਮੰਗਵਾਉਂਦਾ ਆਪਣੇ ਕੱਪੜੇ
ਇਧਰੋਂ, ਆਪਣੇ ਪਿਛਲੇ ਦੇਸ਼ੋਂ
ਕਹਿੰਦਾ—ਫਿੱਟ ਨਹੀਂ ਬੈਠਦੇ
ਠੀਕ ਤਰ੍ਹਾਂ ਉਸ ਨੂੰ
ਵਿਦੇਸ਼ ਵਿਚਲੇ ਕੱਪੜੇ
ਮਾਂ ਸੋਚਦੀ—ਇਹ ਪਿਆਰ ਹੈ
ਆਪਣੀ ਮਿੱਟੀ ਦਾ ਅੰਦਰ ਉਸ ਦੇ
ਵਰਨਾ ਲੋਕ ਸਾਡੇ ਤਾਂ ਉੱਡ ਉੱਡ ਪੈਂਦੇ
ਉਧਰਲੇ ਲਿਬਾਸਾਂ ਨੂੰ

ਰੁਕ ਗਿਆ ਹੌਲੀ ਹੌਲੀ
ਇਹ ਸਿਲਸਿਲਾ
ਪਾਉਣ ਲੱਗਾ ਉਹ
ਉਧਰਲੇ ਹੀ ਦੇਸ਼ ਵਾਲੇ ਕੱਪੜੇ
ਸਮਝ ਗਈ ਮਾਂ, ਕਿ
ਸੁਖਾਉਣ ਲੱਗ ਪਏ ਹੁਣ
ਵਿਦੇਸ਼ੀ ਮੇਚ ਹੀ ਪੁੱਤਰ ਨੂੰ

ਪਰ ਏਧਰ ਆਉਂਦਾ ਜਦ ਉਹ
ਚੇਤੇ ਕਰਦਾ
ਇੱਥੇ ਇਹ ਚੀਜ਼ ਮਿਲਦੀ ਏ
ਖਾਣ ਵਾਲੀ ਤੇ ਉਥੇ ਉਹ
ਖਾ ਕੇ ਜਾਵਾਂਗਾ ਉਹ ਸਭ
ਤਸੱਲੀ ਨਾਲ ਸੋਚਦੀ ਮਾਂ
ਤਨ ਹੀ ਹੋਇਆ ਵਿਦੇਸ਼ੀ ਇਸ ਦਾ

ਮਨ ਤਾਂ ਅਜੇ ਵੀ ਹੈ
ਆਪਣੀ ਹੀ ਮਿੱਟੀ ਦਾ ਹਾਣੀ

ਫਿਰ ਸੁਆਦ ਵੀ ਬਦਲ ਗਏ
ਸਾਰੇ ਪਰਿਵਾਰ ਦੇ...
ਮਾਪੇ ਪੁੱਛਣ ਕਦੇ
ਕੀ ਲਿਆਈਏ ਤਾਂ ਕਹਿੰਦੇ—
ਕੁੜਤੇ ਪਜਾਮੇ ਲੈ ਆਉਣੇ
ਕਦੇ ਪਾਏ ਜਾਂਦੇ ਨੇ
ਗੁਰਦੁਆਰੇ ਜਾਣ ਵੇਲੇ
ਤਸੱਲੀ ਹੁੰਦੀ ਮਾਂ ਨੂੰ
ਕਿ ਅਕੀਦੇ ਨਾਲ ਤਾਂ ਜੁੜੇ ਹਨ
ਏਨੀ ਜ਼ੋਰਾਵਰ ਵੀ ਨਹੀਂ ਹੋਈ
ਵਿਦੇਸ਼ ਦੀ ਮਿੱਟੀ

ਤੇ ਕਦੇ ਸੋਚਦੀ
ਅਜੀਬ ਕਾਰੀਗਰ ਹੁੰਦੇ ਹਾਂ ਅਸੀਂ
ਮਨ ਦੀ ਮਿੱਟੀ 'ਤੇ ਵਗਦੇ
ਫ਼ਾਸਲਿਆਂ ਦੇ ਦਰਿਆਵਾਂ 'ਤੇ
ਬਹਾਨਿਆਂ ਦੇ ਸਰੀਏ
ਮੋਹ ਦਾ ਸੀਮੈਂਟ
ਤੇ ਸੋਚਾਂ ਦਾ ਜਾਲ਼ ਬੰਨ੍ਹ ਕੇ
ਪੁਲ਼ ਉਸਾਰਦੇ ਹਾਂ ਕੈਸੇ ਕੈਸੇ!

ਰਿਸ਼ਤਿਆਂ ਦੇ ਭਰਮ ਵਿਚ
ਵਲ਼ੇ ਰਹਿਣ ਵਾਸਤੇ

•

## ਡੈੱਡ ਲੈਟਰਜ਼ ਆਫ਼ਿਸ

ਉਦੋਂ ਫੋਨ ਨਹੀਂ ਸਨ ਹੁੰਦੇ
ਚਿੱਠੀਆਂ ਹੀ ਹੁੰਦੀਆਂ ਸਨ
ਆਪਸੀ ਰਿਸ਼ਤੇ, ਸੁਨੇਹਿਆਂ
ਤੇ ਦੁੱਖ ਸੁੱਖ ਦੀਆਂ ਖ਼ਬਰਾਂ ਵਾਸਤੇ
ਬਹੁਤ ਜ਼ੁੰਮੇਵਾਰ ਹੁੰਦੇ ਸਨ
ਫ਼ਰਜ਼ ਦੇ ਬੱਝੇ
ਚਿੱਠੀਆਂ ਪਹੁੰਚਾਉਣ ਵਾਲੇ
ਲੋਕ ਉਡੀਕਦੇ ਸਨ
ਚਿੱਠੀ ਰਸਾਨ ਨੂੰ

ਪਹੁੰਚਦੀਆਂ ਸਨ ਚਿੱਠੀਆਂ
ਸੰਭਾਲ ਕੇ ਆਪਣੇ ਵਿਚ ਲੁਕੇ
ਕਾਲ਼ੇ ਨੀਲੇ ਅੱਖਰਾਂ ਵਿਚਲੇ
ਬੋਲੇ ਅਣਬੋਲੇ, ਕਹੇ ਅਣਕਹੇ
ਅਹਿਸਾਸਾਂ ਦੀ ਮਹਿਕ
ਤੇ ਜ਼ਖ਼ਮਾਂ ਦੀ ਚੀਸ

ਕਿੰਨਾ ਹੀ ਕੁਝ ਪਹੁੰਚ ਜਾਂਦਾ ਸੀ
ਕਿਸੇ ਨੌਕਰੀ 'ਤੇ ਗਏ
ਕਿਸੇ ਲਾਮ ਨੂੰ ਗਏ ਦਾ
ਕਿਸੇ ਮੁੜੇ ਨਾ ਮੁੜੇ, ਜੀਂਦੇ ਜਾਂ ਮੁੱਕ ਗਏ
ਕਿਸੇ ਜ਼ੁਲਮ ਕਰਦੇ ਜਾਂ ਸਹਿੰਦੇ ਦਾ
ਇਤਿਹਾਸ ਹੁੰਦਾ ਸੀ ਉਹ
ਉਨ੍ਹਾਂ ਵੇਲਿਆਂ ਦਾ

ਕਿਸੇ ਬਾਬਲ, ਮਾਂ, ਪੁੱਤ, ਭਰਾ
ਧੀ, ਭੈਣ, ਪਤੀ ਜਾਂ ਕਿਸੇ ਹੋਰ

ਮੁਹੱਬਤੀ ਰਿਸ਼ਤੇ ਦੇ
ਹਰਫ਼ਾਂ ਵਿਚ ਲੁਕ ਕੇ
ਕਾਗ਼ਜ਼ਾਂ ਦੇ ਸੀਨੇ ’ਤੇ
ਸਿਰਜੇ ਹਾਲ ਹਵਾਲ ਨੂੰ ਸਹੇਜ ਕੇ
ਪਹੁੰਚਾਉਂਦੀਆਂ ਸਨ ਚਿੱਠੀ ਪੱਤਰੀਆਂ

ਨਹੀਂ ਵੀ ਸਨ ਪਹੁੰਚ ਸਕੀਆਂ ਹੁੰਦੀਆਂ
ਕਈ ਚਿੱਠੀਆਂ ਕਦੇ ਕਦਾਈਂ
ਕਿਸੇ ਨਾ ਕਿਸੇ ਕਾਰਨ ਕਰਕੇ
ਉਨ੍ਹਾਂ ਚਿੱਠੀਆਂ ਵਾਸਤੇ ਸੀ
ਇਕ ਦਫ਼ਤਰ, ਅਜਾਇਬ ਘਰ ਵਾਂਗ
‘ਡੈੱਡ ਲੈਟਰਜ਼ ਆਫ਼ਿਸ’
ਭਾਵ ਮਰ ਗਈਆਂ ਚਿੱਠੀਆਂ ਦਾ
ਦਫ਼ਤਰ ਜਾਂ ਕਬਰਿਸਤਾਨ...
ਇਹ ਚੇਤੇ ਹਨ
ਅੰਗਰੇਜ਼ਾਂ ਦੇ ਵੇਲ਼ਿਆਂ ਦੇ...

ਆਜ਼ਾਦ ਹੋਏ ਤਾਂ
ਤਬਦੀਲੀ ਹੋਈ ਉਸ ਨਾਮ ਦੀ
ਹਕੂਮਤ ਨੂੰ ਜਾਪਿਆ ਹੋਵੇਗਾ
ਮੁਰਦਾ ਨਹੀਂ ਇਹ ਚਿੱਠੀਆਂ
ਇਨ੍ਹਾਂ ਨੇ ਤਾਂ ਸਾਂਭ ਰੱਖਿਆ ਹੈ
ਆਪਣੇ ਸਮਿਆਂ ਦਾ
ਸਾਰਾ ਇਤਿਹਾਸ ਤੇ ਹੀਜ ਪਿਆਜ਼
ਇਹ ਤਾਂ ਹਨ ਵਾਪਸ ਮੁੜੀਆਂ
ਕਿਸੇ ਕਾਰਨ ਸਹੁਰਿਆਂ ਤੋਂ
ਬੇਦਖ਼ਲ ਹੋਈ ਧੀ ਵਾਂਗ

ਇਨ੍ਹਾਂ ਦੇ ਘਰ ਦਾ ਨਾਮ ਕੀਤਾ ਗਿਆ ਤਦ
'Returened letters office'
ਯਾਨੀ ਵਾਪਸ ਮੁੜੀਆਂ ਚਿੱਠੀਆਂ ਦਾ ਘਰ

ਵਧਦੇ ਗਏ ਸਮੇਂ ਨਾਲ ਆਜ਼ਾਦੀ ਦੇ ਪਾਸਾਰ
ਹੋਰ ਸਿਆਣੀ ਹੋਈ ਸਰਕਾਰ
ਬੰਦ ਕਰ ਦਿੱਤਾ ਗਿਆ ਇਹ ਘਰ ਵੀ
ਜਿਥੇ ਰਹਿੰਦੀਆਂ ਸਨ, ਵਾਪਸ ਮੁੜੀਆਂ ਚਿੱਠੀਆਂ
ਆਜ਼ਾਦ ਹੋ ਗਈਆਂ ਬੇਘਰ ਚਿੱਠੀਆਂ ਵੀ ਫਿਰ
ਪਤਾ ਹੀ ਨਹੀਂ ਲੱਗਦਾ ਹੁਣ
ਗਈ ਕਿੱਥੇ, ਤੋਰੀ ਗਈ ਚਿੱਠੀ
ਜੋ ਨਹੀਂ ਪਹੁੰਚੀ ਉਥੇ
ਜਿਥੇ ਪਹੁੰਚਣਾ ਸੀ
ਤੇ ਗੁੰਮ ਵੀ ਹੋਈ ਕਿੱਥੇ

ਇਸ ਦੇ ਨਾਲ ਹੀ
ਗ਼ਾਇਬ ਹੋਣ ਲੱਗ ਪਿਆ
ਸਾਡੇ ਅਹਿਸਾਸਾਂ ਦਾ
ਕਾਗ਼ਜ਼ਾਂ ਵੱਲੋਂ ਸੰਭਾਲਿਆ ਇਤਿਹਾਸ

ਇਨ੍ਹਾਂ ਨੂੰ ਮੁੜੀਆਂ ਜਾਂ ਮਰੀਆਂ ਚਿੱਠੀਆਂ
ਜੋ ਚਾਹੇ ਲਿਖੀਏ, ਪਰ ਅਸਲ ਵਿਚ ਤਾਂ
ਮਰਦੀਆਂ ਨਹੀਂ ਚਿੱਠੀਆਂ ਕਦੇ ਵੀ
ਮਰਨ ਵੀ ਕਿਸ ਤਰ੍ਹਾਂ
ਇਨ੍ਹਾਂ ਵਿਚ ਤਾਂ ਹੁੰਦੇ ਨੇ
ਜਿਉਂਦੇ ਜੀਆਂ ਦੇ ਅਹਿਸਾਸ
ਦੁੱਖ ਸੁੱਖ ਤੇ ਕਹਾਣੀਆਂ

ਜਿਨ੍ਹਾਂ ਨੂੰ ਬਹੁਤ ਜਲਦੀ ਉਲੰਘ ਜਾਂਦਾ ਏ
ਤੇਜ਼ ਦੌੜਦਾ, ਉਡਦਾ ਸਮਾਂ

ਰਹਿਣੀਆਂ ਚਾਹੀਦੀਆਂ ਹਨ
ਇਕ ਨੁੱਕਰੇ ਪਈਆਂ ਇਹ ਵੀ
ਜਿਥੇ ਵਰ੍ਹਿਆਂ, ਦਹਾਕਿਆਂ ਪਿੱਛੋਂ ਵੀ
ਫਰੋਲ ਕੇ ਲੱਭ ਸਕਦਾ ਹੋਵੇ ਕੋਈ
ਸਮਿਆਂ ਦੀਆਂ ਸੋਚਾਂ, ਲੋਚਾਂ ਤੇ ਪੀੜਾਂ
ਉਨ੍ਹਾਂ ਨਾਲ ਸਮਿਆਂ ਦੇ ਮਨ ਵਿਚ
ਬੱਝੀਆਂ ਹਰੀੜਾਂ ਦੀਆਂ ਗੰਢਾਂ
ਉਨ੍ਹਾਂ ਵਿਚਲੀਆਂ ਚੀਸਾਂ
ਨਿਭੇ ਨਾ ਨਿਭੇ, ਮਾਣੇ ਅਣਮਾਣੇ
ਪਲਾਂ ਵਿਚਲੇ ਤੰਦਾਂ ਦੇ ਮਰੋੜੇ, ਉਲ੍ਹਾਮੇਂ
ਤੇ ਉਹ ਸਾਰਾ ਕੁਝ
ਜਿਹੜਾ ਤੋੜਦੇ ਝਰੀਟਦੇ
ਮਿਟਾਉਂਦੇ ਜਾ ਰਹੇ ਨੇ
ਇੰਟਰਨੈੱਟ ਦੇ ਪੂਰਨਿਆਂ ’ਤੇ ਚਲਦੇ
ਪੋਟੇ ਸਾਡੇ
ਤੇ ਅਸੀਂ ਬਣਦੇ ਜਾ ਰਹੇ ਹਾਂ ਖ਼ੁਦ
‘ਡੈੱਡ ਲੈਟਰਜ਼ ਆਫ਼ਿਸ’

•

## ਅਕੱਥ ਕਥਾ

ਦੋ ਦਿਨ ਪਹਿਲਾਂ ਬਾਰਿਸ਼ ਹੋਈ
ਅੱਜ ਫੁੱਟ ਪਈਆਂ ਚਮੇਲੀ ਦੇ ਬੂਟੇ ’ਤੇ
ਆਪ ਮੁਹਾਰੀਆਂ
ਨਿੱਕੀਆਂ ਨਿੱਕੀਆਂ ਡੋਡੀਆਂ

ਹੁਣ ਖਿੜਣਗੇ ਉਨ੍ਹਾਂ ਵਿਚੋਂ
ਕੁਝ ਹੀ ਦਿਨਾਂ ਨੂੰ
ਪੂਰੇ ਚੰਨ ਦੀ ਚਾਨਣੀ ਰੰਗੇ
ਕੋਮਲ ਸ਼ਫਾਫ, ਝੂਮਦੇ ਮੁਸਕਰਾਉਂਦੇ
ਗੁੱਛਿਆਂ ਦੇ ਗੁੱਛੇ ਫੁੱਲ

ਖਿੱਲਰ ਕੇ ਕਿਰਦੇ ਜਾਣਗੇ
ਅਗਲੇ ਹੀ ਦਿਨ
ਪਸਾਰ ਕੇ ਸੂਤਰ...
ਕਿ ਏਡੀ ਕੁ ਹੀ ਹੁੰਦੀ ਹੈ
ਜ਼ਿੰਦਗੀ ਵਾਸਤੇ ਬਹਾਰ

ਇਨ੍ਹਾਂ ਦੇ ਖਿੜਨ ਵਾਲੇ ਆਸਣਾਂ ’ਤੇ
ਯਾਦ ਕਰਦੀਆਂ ਫੁੱਲਾਂ ਨੂੰ
ਬਣ ਜਾਣਗੀਆਂ ਹਰੀਆਂ ਡੋਡੀਆਂ
ਦਿਖਾਉਂਦਿਆਂ ਕਿ ਇੰਜ ਸੰਭਾਲੀਦੇ ਨੇ
ਮਨ ਦੇ ਸੰਦੂਕ ਵਿਚ
ਮਹਿਕ ਵੱਲੋਂ ਹਵਾਲੇ ਕੀਤੇ
ਚੇਤੇ, ਤਰੀਕੇ ਤੇ ਰਮਜ਼ਾਂ

ਕੁਝ ਦਿਨਾਂ ਪਿੱਛੋਂ
ਡੋਡੀਆਂ ਹੋ ਜਾਣਗੀਆਂ ਸੁਰਖ ਲਾਲ
ਸਰਾਬੋਰ ਮਾਣ ਭਰੀ ਜ਼ਿੰਮੇਵਾਰੀ ਨਾਲ

ਫਿਰ ਖਬਰੇ ਉਹ ਬੁਲਬੁਲਾਂ ਨੂੰ
ਭੇਜਦੀਆਂ ਨੇ ਕੋਈ ਮੂਕ ਸੁਨੇਹਾ
ਕਿ ਹੁੰਮ-ਹੁਮਾ ਕੇ ਆਉਂਦੀਆਂ
ਨੱਚਦੀਆਂ ਗਾਉਂਦੀਆਂ ਇਹ ਮੇਲਣਾਂ

ਲਾਲ ਲਾਲ ਡੋਡੀਆਂ ਖਾਂਦੀਆਂ
ਦਾਅਵਤ ਮਾਣਦਿਆਂ
ਘੁੰਗਰੂਆਂ ਵਰਗੀਆਂ ਗੱਲਾਂ ਕਰਦੀਆਂ
ਤੇ ਉੱਡ ਜਾਂਦੀਆਂ
ਪਸਾਰ ਕੇ, ਘਰ ਦੇ
ਕਣ ਕਣ ਚੇਤਿਆਂ ਵਿਚ
ਇਕ ਸੁਰੀਲਾ ਨਾਦ

ਉਡੀਕ ਕਰਨ ਵਾਸਤੇ
ਇਕ ਹੋਰ ਬਾਰਿਸ਼ ਦੀ
ਸਿਰਜਦਿਆਂ ਹੋਇਆਂ
ਜ਼ਿੰਦਗੀ ਦੀ ਨਿੱਕੀ ਜਿਹੀ
ਅਕੱਥ ਕਥਾ

•

# ਕਰਮ ਵਿਕਾਸ ਤੋਂ ਪਿੱਛੋਂ

ਕਈ ਕਰੋੜ ਵਰ੍ਹੇ ਪਹਿਲਾਂ
ਧਰਤੀ ’ਤੇ ਜ਼ਿੰਦਗੀ ਫੁੱਟੀ
ਵਰਗ ਦਰ ਵਰਗ
ਕਰਮ ਵਿਕਾਸ ਦੀਆਂ ਪੌੜੀਆਂ ਚੜ੍ਹੀ

ਕਰਮ ਵਿਕਾਸ ਦੀਆਂ ਤਹਿਆਂ ਫਰੋਲਦਿਆਂ
ਵਰਗਾਂ ਦੀਆਂ ਪਰਤਾਂ ’ਚੋਂ ਗੁਜ਼ਰਦਿਆਂ
ਮੱਛੀ, ਡੱਡੂ, ਗਿਰਗਟ, ਮਗਰਮੱਛ
ਤੇ ਪੰਖੇਰੂ ਦੇ ਰੂਪਾਂ ’ਚੋਂ ਲੰਘਾਉਂਦਿਆਂ
ਜ਼ਿੰਦਗੀ ਨੇ ਘੜਿਆ ਬੰਦਾ

ਹਰ ਵਰਗ ਦੇ ਜੀਵਾਂ ਦੀ ਪੀੜ੍ਹੀ
ਉਪਰਲੇ ਵਰਗ ਵਿਚ ਜਾਂਦਿਆਂ
ਵਿਸਾਰ ਦੇਂਦੀ ਰਹੀ
ਪਿਛਲੀ ਜਾਤੀ ਦੀਆਂ ਕੁਝ ਆਦਤਾਂ

ਜਿਵੇਂ ਮੱਛੀ ਨਿੱਕੀ ਮੱਛੀ ਨੂੰ ਖਾਂਦੀ ਸੀ
ਪਰ ਉਤਲਾ ਜਲ ਥਲੀ ਡੱਡੂ ਵਰਗ ਬਣਦਿਆਂ
ਡੱਡੂਆਂ ਨੇ ਡੱਡੂ ਖਾਣੇ ਛੱਡ ਦਿੱਤੇ

ਵਿਕਾਸ ਦੇ ਅਗਲੇ ਡੰਡੇ ’ਤੇ ਪਹੁੰਚਦਿਆਂ
ਰੀਂਗਣ ਵਾਲੇ ਜੀਵਾਂ ਨੇ ਛੱਡ ਦਿੱਤੀ ਡੱਡੂਆਂ ਦੀ
ਆਪਣੀ ਹੋਂਦ ਬਾਰੇ ਟਰਟਰਾਉਣ ਦੀ ਆਦਤ

ਗਿਰਗਟ ਸੀ, ਰੰਗ ਬਦਲਦੀ ਮੌਕੇ ਨਾਲ
ਮਗਰਮੱਛ ਸੀ ਇਥੇ, ਨਿਗਲ ਜਾਂਦੇ ਕਿਸੇ ਨੂੰ
ਝੂਠੇ ਅੱਥਰੂ ਵਗਾਉਂਦਿਆਂ

ਵਿਕਾਸ ਦੀ ਅਗਲੀ ਪੌੜੀ 'ਤੇ
ਪੰਖੇਰੂ ਬਣੇ, ਇਨ੍ਹਾਂ ਤੋਂ ਪਿੱਛੋਂ
ਤੇ ਛੱਡ ਦਿੱਤੇ ਰੰਗ ਬਦਲਣੇ
ਤੇ ਝੂਠੇ ਅੱਥਰੂ ਵਹਾਉਣੇ

ਉਹ ਉੱਡਣੇ, ਚੁਸਤ-ਫੁਰਤ
ਹੁਸ਼ਿਆਰ ਤੇ ਸਮਝਦਾਰ ਹੋ ਗਏ

ਉਨ੍ਹਾਂ ਤੋਂ ਪਿੱਛੋਂ ਵਿਕਸਿਤ ਹੋਇਆ ਆਦਮੀ
ਹੋਰ ਵੀ ਹੁਸ਼ਿਆਰ, ਸਮਝਦਾਰ
ਖ਼ਬਰਦਾਰ ਤੇ ਤਹਿਦਾਰ ਹੋਇਆ
ਸਾਰੀਆਂ ਪਹਿਲੀਆਂ ਜਾਤੀਆਂ ਵੱਲੋਂ
ਸਾਂਭੀਆਂ ਤੇ ਛੱਡੀਆਂ ਗਈਆਂ ਆਦਤਾਂ
ਹੂੰਝ ਕੇ ਚੁੱਕੀਆਂ ਉਸ ਨੇ
ਤੇ ਸਾਂਭ ਲਈਆਂ ਅੰਦਰ ਆਪਣੇ।

•

## ਪਸ਼ਮੀਨਾ

ਦਹਾਕੇ ਪਹਿਲਾਂ
ਇਕ ਅਮੀਰ ਔਰਤ ਨੇ
ਮੋਢਿਆਂ ਤੋਂ ਢਿਲ਼ਕਦੀ
ਕੋਮਲ ਤੇ ਹਲਕੀ ਜਿਹੀ
ਸ਼ਾਲ ਬਾਰੇ ਮਾਣ ਨਾਲ ਦੱਸਿਆ ਸੀ
ਕਿ
ਇਹ ਪਸ਼ਮੀਨਾ ਸ਼ਾਲ ਹੈ
ਤੇ ਬਹੁਤ ਕੀਮਤੀ ਹੈ
ਅਸਲ ਵਿਚ ਤਾਂ ਇਹ
ਬਣਦੀ ਹੀ ਰਾਜੇ ਰਾਣੀਆਂ ਵਾਸਤੇ ਸੀ
ਬਣਦੀ ਵੀ ਬੜੀ ਮਿਹਨਤ ਨਾਲ
ਖ਼ਾਸ ਤਰ੍ਹਾਂ ਦੀਆਂ
ਪਸ਼ਮੀਨਾ ਬੱਕਰੀਆਂ ਤੇ ਭੇਡਾਂ ਪਾਲਣ ਵਾਲੇ
ਹਾਮਲਾ ਬੱਕਰੀਆਂ ਚੁਣਦੇ
ਬੱਚੇ ਪੈਦਾ ਹੋਣ ਤੋਂ ਐਨ ਪਹਿਲਾਂ
ਉਨ੍ਹਾਂ ਦੇ ਪੇਟ ’ਤੇ ਡੰਡੇ ਮਾਰਦੇ
ਹਮਲ ਡੇਗ ਦੇਂਦੇ
ਕੱਢ ਲੈਂਦੇ ਮਰੇ ਅਣਜੰਮੇਂ ਬੱਚੇ
ਤੇ ਉਨ੍ਹਾਂ ਦੀ ਨਰਮ ਕੂਲੀ ਅਣਛੋਹ ਲੂਈ ਨਾਲ
ਬੁਣੇ ਜਾਂਦੇ ਇਹੀ ਮਹਿੰਗੇ
ਨਿੱਘੇ ਪਸ਼ਮੀਨਾ ਸ਼ਾਲ
ਭੇਡਾਂ ਦੀ ਉੱਨ ਦਾ ਕਈ ਕੁਝ ਬਣਦਾ
ਤੇ ਖਾਣ ਵਾਸਤੇ ਮੀਟ ਵੱਖਰਾ

ਖ਼ਬਰੇ ਸੋਚਦੀਆਂ ਹੋਣ ਬੱਕਰੀਆਂ ਤੇ ਭੇਡਾਂ
ਕਿ ਇਨ੍ਹਾਂ ਰਸੂਖ਼ਦਾਰਾਂ ਨੂੰ

ਮਹਿਸੂਸ ਕਿਉਂ ਨਾ ਹੋਈ ਕਦੇ
ਹਾਮਲਾ ਬੱਕਰੀਆਂ ਦੇ ਪੇਟ 'ਤੇ ਵੱਜਦੇ
ਵਪਾਰੀ ਵਿਵਸਥਾ ਦੇ ਡੰਡਿਆਂ ਦੀ ਪੀੜ
ਨਾ ਸੁਣਾਈ ਦਿੱਤੀ ਉਨ੍ਹਾਂ ਦੇ ਭਰੂਣਾਂ ਦੇ
ਅਣਜੰਮੇਂ ਮਰੇ ਸੁਪਨਿਆਂ ਦੀ ਹੂਕ
ਕਿੰਨੀਆਂ ਤਾਂ ਮਰ ਵੀ ਜਾਂਦੀਆਂ ਹਾਂ
ਰਾਜਸੀ ਸ਼ੌਕ ਦੀ ਅਨਿਆਈ ਮੌਤੇ
ਕੌਣ ਵਿਹਲਾ ਹੈ, ਇਹ ਸੋਚਣ ਵਾਸਤੇ ਪਰ!


ਫਿਰ ਸੁਣਿਆਂ
ਪਾਬੰਦੀ ਲਾ ਦਿੱਤੀ ਸਰਕਾਰ ਨੇ ਇਸ ਸਭ 'ਤੇ

ਪਰ ਕਦੇ ਰੁਕੀ ਏ ਇੰਜ ਦੀ ਪ੍ਰਕਿਰਿਆ ਕੋਈ...!
ਉਹ ਬਦਲ ਲੈਂਦੀ ਏ ਰੂਪ
ਤੇ ਉਸਨੇ ਬਦਲ ਲਿਆ
ਰੂਪ, ਰੰਗ ਤੇ ਤਰੀਕਾਕਾਰ

ਸਿਆਣੀ ਤਾਕਤਵਰ ਰਾਜਸੀ ਵਿਵਸਥਾ ਨੇ
ਮੰਨ ਲਿਆ ਏ ਹੁਣ
ਬੰਦੇ ਜਾਪਦੇ ਲੋਕਾਂ ਨੂੰ ਪਸ਼ਮੀਨਾ ਬੱਕਰੀਆਂ ਤੇ ਭੇਡਾਂ
ਮਾਰ ਰਹੀ ਏ ਉਨ੍ਹਾਂ ਦੇ
ਆਸਾਂ ਉਮੀਦਾਂ ਤੇ ਚਾਵਾਂ ਨਾਲ ਹਾਮਲਾ
ਦਿਲਾਂ ਦਿਮਾਗ਼ਾਂ ਤੇ ਪੇਟ 'ਤੇ
ਨਵੇਂ ਨਿਯਮਾਂ, ਹੁਕਮਾਂ ਤੇ ਮਹਿੰਗਾਈ ਦੇ ਡੰਡੇ
ਚੀਕਣ ਤੱਕ 'ਤੇ ਵੀ ਪਾਬੰਦੀ ਏ ਹੁਣ ਤਾਂ
ਮਰ ਰਹੇ ਹਨ ਲਗਾਤਾਰ
ਆਸਾਂ ਉਮੀਦਾਂ ਤੇ ਚਾਵਾਂ ਦੇ ਭਰੂਣ

ਤਿਆਰ ਹੋ ਰਿਹਾ ਵਿਵਸਥਾ ਦਾ
ਵਿਵਸਥਾ ਰਾਹੀਂ
ਵਿਵਸਥਾ ਵਾਸਤੇ
ਰਾਜਸੀ ਪਸ਼ਮੀਨਾ
...ਨਿਰੰਤਰ...!

•



## ਵੈਸਲੀਨ

ਅੱਜ ਫੇਰ ਖਿਝ ਗਈ ਪੋਤੀ...!
ਕੁਝ ਮਹੀਨੇ ਪਹਿਲਾਂ ਹੀ
ਸ਼ਹਿਰ ਆਈ ਦਾਦੀ ਨੇ
ਉਸਦੀ ਫੇਸ ਕ੍ਰੀਮ ਦੀ ਡੱਬੀ ਵਿਚੋਂ
ਉਂਗਲ ਲਾ ਕੇ ਕ੍ਰੀਮ ਨੂੰ ਸੁੰਘਿਆ
ਫਿਰ ਆਪਣੇ ਹੱਥਾਂ 'ਤੇ ਮਲ਼ੀ
ਤੇ ਆਖਿਆ—
ਮੁੰਡੇ ਦੀ ਕ੍ਰੀਮ ਵਰਗੀ ਹੀ ਤੇ ਹੈ ਇਹ ਵੀ
ਓਸੇ ਤਰ੍ਹਾਂ ਦੀ ਮਹਿਕ ਵਾਲੀ
ਇਕੋ ਕਿਉਂ ਨਹੀਂ ਵਰਤ ਲੈਂਦੇ ਦੋਵੇਂ ਭੈਣ ਭਰਾ!

ਕੁਝ ਹੋਰ ਖਿਝ ਗਈ ਪੋਤੀ
"ਉਹਦੀ ਕ੍ਰੀਮ ਮੁੰਡਿਆਂ ਵਾਲੀ ਏ
ਮੈਨੂੰ ਨਹੀਂ ਪਸੰਦ ਬੱਸ!"
ਤੇ ਦਾਦੀ ਤੋਂ ਪੜਦੇ ਨਾਲ
ਥੋੜ੍ਹੀ ਜਿਹੀ ਕ੍ਰੀਮ ਟਿਸ਼ੂ ਪੇਪਰ ਨਾਲ
ਉਥੋਂ ਲਾਹੀ ਜਿਥੇ ਦਾਦੀ ਨੇ
ਉਂਗਲ ਲਾਈ ਸੀ, ਤੇ ਸੁੱਟ ਦਿੱਤੀ
ਕੂੜੇ ਵਾਲੇ ਡੱਬੇ ਵਿਚ

ਦਾਦੀ ਵੇਖਦੀ ਏ
ਉਸਦਾ ਪੁੱਤਰ, ਨੂੰਹ, ਪੋਤਾ ਤੇ ਪੋਤੀ
ਚਾਰੇ ਵੱਖੋ-ਵੱਖਰੀ ਕ੍ਰੀਮ ਵਰਤਦੇ
ਆਪਣੇ ਆਪਣੇ ਕਮਰੇ ਵਿਚ ਰੱਖਦੇ

ਯਾਦ ਕਰਦੀ ਆਪਣਾ ਵਾਰਾ ਪਹਿਰਾ
ਇਕੋ ਕਮਰੇ ਵਿਚ ਸੌਂਦੇ
ਨਿਆਣੇ ਤੇ ਉਹ ਆਪ

ਸਿਆਲ ਦੇ ਦਿਨੀਂ ਹਰ ਮਹੀਨੇ
ਉਹ ਵੈਸਲੀਨ ਦੀ ਵੱਡੀ ਸ਼ੀਸ਼ੀ ਲਿਆਉਂਦੀ
ਕੱਚ ਦੀ ਸ਼ੀਸ਼ੀ ਵਿਚ
ਫਿੱਕੇ ਜਿਹੇ ਹਰੇ ਰੰਗ ਦੀ
ਨਰਮ ਨਰਮ ਵੈਸਲੀਨ

ਵੱਡੇ ਸਾਰੇ ਉਸੇ 'ਚੋਂ ਲਾ ਲੈਂਦੇ
ਉਂਗਲੀ ਨਾਲ ਆਪਣੇ ਆਪਣੇ
ਮੂੰਹਾਂ ਤੇ ਹੱਥਾਂ 'ਤੇ
ਨਿੱਕਿਆਂ ਦੇ ਮੂੰਹਾਂ ਹੱਥਾਂ 'ਤੇ
ਆਪ ਮਲ਼ ਦੇਂਦੀ ਉਹ
ਕੋਈ ਆਇਆ ਪ੍ਰਾਹੁਣਾ ਵੀ ਵਰਤ ਲੈਂਦਾ
ਉਸੇ ਸ਼ੀਸ਼ੀ ਵਾਲੀ ਵੈਸਲੀਨ 'ਚੋਂ

ਸਾਰਿਆਂ ਦੇ ਮੂੰਹ, ਹੱਥ
ਇਕੋ ਜਿਹੇ ਕੂਲ਼ੇ ਕੂਲ਼ੇ
ਚਮਕਦੇ ਰਹਿੰਦੇ ਸਾਰਾ ਸਿਆਲ਼

ਹੁਣ ਸਮਝਣ ਦੀ ਕੋਸ਼ਿਸ਼ ਕਰਦਿਆਂ
ਕਿ ਕਿਉਂ ਵਰਤਦੇ ਨੇ ਸਾਰੇ
ਵੱਖੋ-ਵੱਖਰੀਆਂ ਕ੍ਰੀਮਾਂ
ਉਹ, ਕਿਸੇ ਕਦੇ ਕਿਸੇ ਦੀ
ਕ੍ਰੀਮ 'ਚੋਂ ਉਂਗਲ ਲਾਉਂਦੀ ਰਹਿੰਦੀ
ਸੋਚਦੀ ਮਹਿਕ ਤਾਂ ਸਾਰੀਆਂ ਵਿਚ ਹੈ
ਨਰਮ ਵੀ ਸਾਰੀਆਂ ਵੈਸਲੀਨ ਵਰਗੀਆਂ
ਇਨ੍ਹਾਂ ਨੂੰ ਲਾ ਕੇ ਵੀ
ਓਹੋ ਜਿਹੇ ਹੀ ਰਹਿੰਦੇ ਨੇ ਸਾਰੇ

ਇਕੋ ਵੱਡੀ ਡੱਬੀ ਹੀ ਕਿਉਂ ਨਹੀਂ
ਰੱਖ ਲੈਂਦੇ ਸਾਰੇ ?
ਸਮਝਦੀ ਨਹੀਂ ਉਹ
ਕਿ ਵੱਖਰੇ ਕਮਰਿਆਂ
ਤੇ ਵੱਖਰੀਆਂ ਨੁੱਕਰਾਂ ਵਾਲੇ ਘਰ ਵਿਚ
ਆਪਣੀ ਵੱਖਰੀ ਕ੍ਰੀਮ ਵਰਤਦਿਆਂ
ਹਰ ਇਕ ਦਾ ਚਿਹਰਾ ਵੱਖਰਾ ਏ
ਉਸਦੀ ਆਪਣੀ ਨਜ਼ਰ ਵਿਚ

ਕੋਈ ਨਹੀਂ ਵਰਤਦਾ ਹੁਣ
ਸਾਂਝੀ ਵੈਸਲੀਨ!

•

## ਲਾਲ ਰੰਗ

ਰੰਗ ਮੇਰੇ ਲਹੂ ਦਾ ਵੀ
ਲਾਲ ਹੀ ਹੈ
ਸਾਰੇ ਦੁਪਾਇਆਂ ਚੌਪਾਇਆਂ ਵਾਂਗ
ਸੋ ਘੁਲ਼ ਜਾਂਦੀ ਹਾਂ ਆਪ ਵੀ
ਕਈ ਵਾਰ ਇਸ ਵਿਚ

ਲਾਲ ਰੰਗ ਤਾਂ ਹੁੰਦਾ ਹੈ
ਸਮਾਨਤਾ ਦਾ ਰੰਗ
ਤਦ ਹੀ ਤਾਂ ਕਾਮੇ
ਯਕੀਨ ਕਰਦੇ ਨੇ ਇਸ ਰੰਗ 'ਤੇ
ਚੁੱਕ ਕੇ ਤੁਰਦੇ ਨੇ ਲਾਲ ਝੰਡੇ
ਕਿ ਜੋੜ ਸਕੇ ਉਨ੍ਹਾਂ ਨੂੰ
ਅੰਦਰਲੇ ਲਹੂ ਦੇ
ਲਾਲ ਰੰਗ ਦੀ ਸਾਂਝ

ਤਰੰਗ ਲੰਬਾਈ ਵੀ ਤਾਂ
ਸਭ ਤੋਂ ਵੱਧ ਹੁੰਦੀ ਲਾਲ ਰੰਗ ਦੀ
ਨਜ਼ਰ ਆਉਂਦਾ ਦੂਰ ਤਕ
ਤਦ ਹੀ ਤਾਂ ਵਾਹੇ ਜਾਂਦੇ ਨੇ ਲਾਲ ਕਾਂਟੇ
ਖ਼ਤਰੇ ਦੀ ਸੂਚਨਾ
ਦੇਣ ਵਾਲੀਆਂ ਥਾਵਾਂ 'ਤੇ

ਪਰ ਕਈ ਵਾਰ ਹੁਣ
ਬਦਲਣ ਲੱਗ ਪਿਆ ਏ
ਨਿਯਮ ਆਪਣੇ
ਇਹ ਲਾਲ ਰੰਗ ਵੀ

ਸਰੀਰ ਤੋਂ
ਬਾਹਰ ਬਾਹਰ ਤਾਂ ਨਿਭਦਾ ਏ
ਆਪਣੀ ਪੂਰੀ ਤਰੰਗ ਲੰਬਾਈ ਸਮੇਤ
ਪਰ ਬੰਦੇ ਦੇ ਅੰਦਰ ਜਾ ਕੇ
ਤੋੜ ਲੈਂਦਾ ਏ ਸਾਰੇ ਨਿਯਮ ਕਾਇਦੇ
ਤੇ ਆਪਣੇ ਹੀ ਅੰਦਰੇ ਅੰਦਰ ਘੁੰਮਦਾ
ਆਪਣੇ ਹੀ ਦੁਆਲੇ ਪੈਂਡਾ ਕਰਦਾ
ਮੁਕਾ ਲੈਂਦਾ ਏ ਆਪਣੀ
ਸਾਰੀ ਤਰੰਗ ਲੰਬਾਈ ਦਾ ਸਫ਼ਰ

ਸਾਂਝ ਵਾਲਾ ਗੁਣ ਉਸ ਦਾ
ਸਿਮਟ ਜਾਂਦਾ ਏ ਸਵੈ ਤੱਕ ਬਸ
ਬਚਿਆ ਰਹਿ ਜਾਂਦਾ ਏ
ਸਿਰਫ਼, ਖ਼ਤਰੇ ਦੀ ਸੂਚਨਾ
ਦੇਣ ਵਾਲਾ ਗੁਣ ਹੀ ਬੱਸ!

•

## ਅਸੀਂ ਘਾਹ ਹੁੰਦੇ ਹਾਂ

ਅਸੀਂ ਘਾਹ ਹੁੰਦੇ ਹਾਂ
ਘਾਹ ਬੂਟ ਹੁੰਦੇ ਹਾਂ
ਉੱਗਣਾ ਧਰਮ ਹੈ ਸਾਡਾ
ਤੇ ਜੀਣਾ ਕਰਮ

ਉੱਗ ਪੈਂਦੇ ਹਾਂ
ਕਿਸੇ ਕੰਕਰੀਟ ਦੇ ਤਪਦੇ
ਪੁ਼ਲ ਦੀਆਂ ਨੁੱਕਰਾਂ ਵਿਚ
ਸੜਕਾਂ ਦੇ ਚੁਫ਼ੇਰੇ ਪਏ ਕੂੜੇ ਉੱਤੇ
ਸੁੰਨਸਾਨ, ਉਦਾਸ ਇਮਾਰਤਾਂ
ਢੱਠੇ ਘਰਾਂ, ਬਨੇਰਿਆਂ
ਤੇ ਮਿੱਟੀ ਦੇ ਢੇਰਾਂ ’ਤੇ ਵੀ

ਪਥਰੀਲੀਆਂ ਕੰਧਾਂ ਦੀਆਂ ਤ੍ਰੇੜਾਂ
ਰੇਲ ਗੱਡੀ ਦੀ ਪਟੜੀ ’ਤੇ ਪਏ
ਤਪਦੇ ਪੱਥਰਾਂ ਨਾਲ ਚੰਬੜੀ
ਮਿੱਟੀ ਦੀਆਂ ਮਹੀਨ ਪਰਤਾਂ ’ਤੇ

ਤੱਤੀ ਝੁਲਸੀ ਸੜਕ ਦੀਆਂ
ਬਿਆਈਆਂ ਵਿਚ ਵੀ
ਤੇ ਹੋਰ ਵੀ ਸਾਰੇ ਕਿਤੇ

ਹੋਰ ਤਾਂ ਹੋਰ
ਵਿਗਸ ਪੈਂਦੇ ਹਾਂ
ਧਰਤੀ ਨੂੰ ਅੱਗਾਂ ਲਾ ਕੇ
ਉਸ ਦੇ ਲੂਹੇ ਹੋਏ ਸੀਨੇ ’ਤੇ ਵੀ

ਕਿ ਉੱਗਣ ਵਾਸਤੇ ਕਿਸੇ
ਥਾਂ ਦਾ ਬਹਾਨਾ

ਜੀਣ ਲਈ ਹਾਲਾਤ ਦੇਣ ਦਾ
ਕੋਈ ਤਾਹਨਾ
ਦੇਣ ਦੀ ਥਾਂ ਜ਼ਿੰਦਗੀ ਨੂੰ
ਉੱਗਦੇ ਰਹਿੰਦੇ ਹਾਂ

ਸਿਰ ਚੁੱਕਦੇ ਹਾਂ
ਤੇ ਜੀਂਦੇ ਰਹਿੰਦੇ ਹਾਂ
ਕੱਟੇ ਵੱਢੇ ਜਾਣ ਪਿੱਛੋਂ ਵੀ

ਘਾਹ ਬੂਟ ਹੋਣਾ ਸਾਡਾ ਮਾਣ
ਉੱਗਣਾ ਸਾਡਾ ਧਰਮ
ਤੇ ਜੀਣ ਦੀ ਜ਼ਿਦ
ਸਾਡਾ ਕਰਮ

ਚਾਹੁੰਦੇ ਹਾਂ
ਕਿ ਕਦੇ ਨਾ ਭੁੱਲੇ
ਕਿਤੇ ਵੀ, ਕਿੰਨੀ ਵੀ
ਸੜੀ ਬਲ਼ੀ ਤੇ ਮਧੋਲ਼ੀ ਮਿੱਟੀ ਨੂੰ ਵੀ
ਹਰਿਆਲੀ ਪੈਦਾ ਕਰਨ
ਤੇ ਕਰਦੇ ਰਹਿਣ ਦਾ ਸੁਭਾਅ
ਤੇ ਸਾਡਾ ਆਪਸੀ ਰਿਸ਼ਤਾ

•

## ਨਹੁੰ

ਨਹੁੰ ਕੱਟਦਿਆਂ ਯਾਦ ਆਇਆ
ਇਕ ਵਾਰ ਵਿਹੜੇ ਵਿਚ ਬੈਠਿਆਂ
ਨਹੁੰ ਕੱਟਦੀ ਨੂੰ ਵੇਖ
ਮੇਰੇ ਚੁਫ਼ੇਰੇ ਖਿੱਲਰੇ ਨਹੁੰ ਇਕੱਠੇ ਕਰ ਕੇ
ਨਾਨੀ ਨੇ ਕਿਹਾ ਸੀ—
"ਨਹੁੰਆਂ ਨੂੰ ਇਕੱਠੇ ਕਰ ਕੇ ਰੱਖੀਦਾ
ਖਿੱਲਰਨ ਨਹੀਂ ਦੇਈਦਾ
ਰਿਸ਼ਤੇ ਖਿੱਲਰ ਜਾਂਦੇ ਨੇ ਇਸ ਤਰ੍ਹਾਂ"

ਮੇਰੀ ਬੇਯਕੀਨੀ ਵੇਖ ਉਸ ਕਿਹਾ ਸੀ
"ਇਹ ਸਾਡੇ ਲਹੂ ਮਾਸ ਦੇ ਹੀ ਹੁੰਦੇ
ਹੱਥਾਂ ਨੂੰ ਤਾਕਤ ਦੇਂਦੇ
ਦੁਸ਼ਮਣਾਂ ਤੋਂ ਬਚਾਉਂਦੇ
ਜ਼ਿੰਦਗੀ ਦਾ ਹਿੱਸਾ ਹੁੰਦੇ
ਕੱਟਣੇ ਤਾਂ ਤਦ ਪੈਂਦੇ ਨੇ ਕਿ
ਆਪਣੀ ਹੱਦ ਪਾਰ ਕਰ ਕੇ
ਨੁਕਸਾਨ ਨਾ ਕਰਨ ਕੋਈ
ਵੱਖ ਹੋਇਆਂ ਦਾ ਵੀ
ਖਿਲਾਰਾ ਨਹੀਂ ਪਾਈਦਾ"


ਅਰਸਾ ਬੀਤਿਆ...
ਇਸ ਗੱਲ ਨੂੰ ਵਹਿਮ ਮੰਨਦਿਆਂ ਵੀ
ਨਹੁੰ ਨਾ ਖਿਲਾਰੇ ਕਦੇ
ਡਰ ਬੈਠਾ ਸੀ ਮਨ ਵਿਚ
ਸ਼ਾਇਦ ਕਿਤੇ ਕੋਈ

ਨਹੁੰ ਨਾ ਖਿਲਾਰਦਿਆਂ ਵੀ
ਟੁੱਟ ਖਿੱਲਰ ਗਏ ਰਿਸ਼ਤੇ

ਹੁਣ ਜਦ ਖਿੱਲਰ ਹੀ ਚੁੱਕੇ ਨੇ
ਰਿਸ਼ਤੇ ਸਾਰੇ
ਸੋਚਦੀ ਹਾਂ...
ਨਹੁੰ ਵੀ ਖਿੱਲਰਦੇ ਰਹਿਣ...!

ਪਰ ਫਿਰ...
ਅੱਖਾਂ ਵਿਚ ਰਿਸ ਆਈ ਸਿੱਲ੍ਹ ਨੂੰ
ਚੁੰਨੀ ਦੇ ਪੱਲੇ ਨਾਲ ਪੂੰਝਦਿਆਂ
ਖਿੱਲਰੇ ਨਹੁੰਆਂ ਨੂੰ ਚੁੱਕ ਕੇ
ਉਸੇ ਪੱਲੇ ਵਿਚ ਬੰਨ੍ਹ ਲੈਂਦੀ ਹਾਂ

•



## ਨੀਂਦ ਦੇ ਕਤਰੇ

ਕਿਤਾਬ ਪੜ੍ਹਦਿਆਂ, ਅਕਸਰ
ਨੀਂਦ ਦੇ ਕਤਰੇ
ਅੱਖਾਂ ਤੋਂ ਕਿਰਦੇ
ਤੇ ਅੱਖਰ ਸੌਂ ਜਾਂਦੇ

ਉਹ ਹਮੇਸ਼ਾਂ ਤੋਂ ਉਡੀਕਦੇ ਹੁੰਦੇ
ਇਸ ਸੁਲੱਖਣੀ ਨੀਂਦ ਨੂੰ
ਜਿਸ ਤੋਂ ਪਹਿਲਾਂ
ਕੋਈ ਪੜ੍ਹੇ ਉਨ੍ਹਾਂ ਨੂੰ

ਕੋਈ ਪੜ੍ਹੇ ਤਾਂ ਸਹੀ...!

•

## ਜ਼ਿੰਦਗੀ ਦਾ ਰਾਬਤਾ

ਬਿਰਖ ਬੂਟੇ ਸਾਹ ਲੈਂਦੇ ਨੇ ਹਵਾ ਵਿਚ
ਜਿਸ ਵਿਚ ਹੋਰ ਸਾਰੇ ਲੈਂਦੇ ਨੇ ਸਾਹ

ਕਦੇ ਇਹ ਬਿਰਖ ਬੂਟੇ ਵੀ
ਅੱਕ ਜਾਂਦੇ ਹੋਣਗੇ
ਰੰਗਲੇ ਫੁੱਲਾਂ ਦੀ ਚੁੱਪ ਮੁਸਕਰਾਹਟ
ਤੇ ਸੰਜੀਦਾ ਜਿਹੀ ਮੂਕ ਹਰਿਆਵਲ ਨਾਲ
ਤੇ ਜੀ ਕਰਦਾ ਹੋਵੇਗਾ ਉਨ੍ਹਾਂ ਦਾ
ਖਿੜ ਖਿੜ ਹੱਸਣ, ਨੱਚਣ ਤੇ ਗਾਉਣ ਨੂੰ
ਤਦ ਉਹ ਸੁਨੇਹਾ ਭੇਜਦੇ ਹੋਣਗੇ
ਚੰਚਲ, ਅੱਥਰੀਆਂ, ਨਿਚੱਲੀਆਂ ਪੌਣਾਂ ਨੂੰ
ਜਿਨ੍ਹਾਂ ਵਿਸਾਰਿਆ ਨਹੀਂ ਹੁੰਦਾ ਮਨੋਂ
ਆਪਣਾ ਨਿਚਵਾ ਬਾਲਪਣ ਕਦੇ

ਪੌਣਾਂ ਆਉਂਦੀਆਂ...
ਧਾ ਗਲਵੱਕੜੀ ਪਾਉਂਦੇ ਬੂਟੇ ਉਨ੍ਹਾਂ ਨੂੰ
ਪੌਣਾਂ ਵੀ ਕੱਢਦੀਆਂ ਕੁਤਕਤਾਰੀਆਂ ਉਨ੍ਹਾਂ ਨੂੰ
ਰਲ਼ ਜਾਂਦੇ ਬਿਰਖ ਤੇ ਪੌਣਾਂ ਫਿਰ
ਲੱਗਦੇ ਇਕ ਧਮੱਚੜੀ ਪਾਉਣ
ਕੋਈ ਪੱਤਾ ਤਬਲਾ ਵਜਾਉਂਦਾ
ਕੋਈ ਸਿਰਜਦਾ ਧੀਮਾ ਧੀਮਾ ਨਾਦ
ਕੋਈ ਹਵਾ ਦੀ ਗੁਦਗੁਦੀ ਨਾਲ ਮੱਛਰ ਕੇ
ਵੱਜਦਾ ਬੰਸਰੀ ਬਣ ਬਣ
ਕਿਸੇ ਦੀ ਨਿੰਮੀ ਸੁਰ ਤੇ ਕਿਸੇ ਦੀ ਤਿੱਖੀ
ਕੋਈ ਭਰਦਾ ਖ਼ਾਲੀ ਥਾਵਾਂ
ਇਨ੍ਹਾਂ ਸੁਰਾਂ ਵਿਚਲੀਆਂ

ਗਾਈਆਂ ਜਾਣ ਲੱਗਦੀਆਂ ਰਾਗਣੀਆਂ
ਪੌਣਾਂ ਦੀਆਂ ਤਰਜ਼ਾਂ ’ਤੇ

ਕੋਈ ਨਿੱਕੀ ਨਿੱਕੀ ਠੁਮਕ ਨੱਚਦਾ
ਕੋਈ ਖੁੱਲ੍ਹ ਕੇ, ਪੂਰਾ ਪੱਸਰ ਕੇ
ਦੂਹਰਾ ਤੀਹਰਾ ਹੋ ਹੋ ਕੇ
ਬੱਝ ਜਾਂਦਾ ਇਕ ਰੰਗ ਬੱਸ!

ਪਰ ਇਹ ਮਹਿਫ਼ਲ ਨਹੀਂ ਹੁੰਦੀ
ਸਿਰਫ਼ ਗੀਤ ਸੰਗੀਤ ਤੇ ਨਾਚ ਦੀ ਹੀ
ਇਸ ਦੀ ਇਕ ਭਾਸ਼ਾ ਹੁੰਦੀ, ਮਨੋਰਥ ਹੁੰਦਾ
ਇਸ ਦੇ ਗੀਤਾਂ ਵਿਚ ਹੁੰਦੀਆਂ
ਬਿਰਖਾਂ ਦੇ ਦੁੱਖਾਂ ਦਰਦਾਂ
ਤੇ ਸੁੱਖਾਂ ਸਾਂਝਾਂ ਦੀਆਂ ਚਿੱਠੀਆਂ
ਪੌਣਾਂ ਡਾਕੀਆਂ ਹੱਥ ਘੱਲੀਆਂ
ਦੂਰ-ਦੁਰੇਡੇ ਉੱਗਿਆਂ ਵੱਸਿਆਂ ਭਾਈਬੰਦਾਂ
ਧਰਤ ਦੇ ਸਾਰੇ ਬਿਰਖ ਬੂਟਿਆਂ ਦੇ ਨਾਮ

ਇਕ ਰਾਬਤਾ ਹੁੰਦਾ ਇਹ
ਜੋ ਜ਼ਰੂਰੀ ਹੁੰਦਾ
ਸਾਰੇ ਧਰਤ ਨਾਲ ਜੁੜਿਆਂ ਵਾਸਤੇ
ਬਿਰਖ ਬੂਟੇ ਹੋਣ ਤੇ ਭਾਵੇਂ ਮਨੁੱਖ

•

*ਜਿਸ ਦਿਨ ਕੁਝ ਸ਼ਬਦਾਂ ਦੀ ਵਰਤੋਂ 'ਤੇ*
*ਰੋਕ ਲਾਈ ਸੀ ਹਕੂਮਤ ਨੇ*

## ਸ਼ਬਦ ਖ਼ੁਸ਼ ਹਨ

ਸ਼ਬਦ ਖ਼ੁਸ਼ ਹਨ
ਮਹਿਸੂਸ ਕਰ ਰਹੇ ਖ਼ੁਦ ਨੂੰ ਮਾਣਮੱਤਾ

ਕੁਝ ਦੇਰ ਤੋਂ ਹੁਣ
ਉਨ੍ਹਾਂ ਨੂੰ ਲੱਗਣ ਲੱਗਾ ਸੀ
ਉਹ ਤਾਂ ਸੋਚ ਵਿਚੋਂ ਫੁੱਟ ਕੇ
ਆਵਾਜ਼ ਵਿਚ ਢਲ਼ ਕੇ
ਕੰਨਾਂ ਦੇ ਆਲੇ-ਦੁਆਲੇ ਫਿਰਦੀ
ਇਕ ਧੁਨੀ ਹੀ ਰਹਿ ਗਏ ਸਨ ਬਸ

ਤੇ ਹੁਣ ਜਦ ਹਕੂਮਤ ਨੇ
ਕੱਟ ਦਿੱਤੇ ਹਨ ਪਰ
ਸ਼ਬਦਾਂ ਦੇ ਉਸ ਰੰਗ ਦੇ
ਜੋ ਖ਼ਾਰਸ਼ ਕਰਦਾ ਸੀ
ਉਨ੍ਹਾਂ ਦੇ ਕੰਨਾਂ ਵਿਚ
ਖ਼ਲਲ ਪਾਉਂਦਾ ਸੀ
ਉਨ੍ਹਾਂ ਦੀ ਨੀਂਦ ਵਿਚ
ਫੜਫੜਾ ਕੇ ਉਡਾਉਂਦਾ
ਤੇ ਪਾਉਂਦਾ ਸੀ ਹਾਲਾਤ ਦੀ ਧੂੜ
ਉਨ੍ਹਾਂ ਦੇ ਲਿਬਾਸ ਉੱਤੇ
ਬੇਚੈਨ ਕਰ ਦਿੱਤਾ ਸੀ
ਤਾਕਤ ਦੇ ਮਾਣ ਤੇ ਹੰਕਾਰ ਨਾਲ
ਕੱਸੀ ਤਣੀ ਪਈ ਹਕੂਮਤ ਨੂੰ

ਨਜ਼ਰ ਆਈ ਹੈ ਸ਼ਬਦਾਂ ਨੂੰ ਤਾਕਤ ਆਪਣੀ
ਹੋਰ ਤਕੜੇ ਹੋਣਗੇ ਉਹ ਹੁਣ
ਉਗਾਉਣੇ ਆਉਂਦੇ ਹਨ ਉਨ੍ਹਾਂ ਨੂੰ

ਨਵੇਂ ਪਰ ਆਪਣੇ
ਉਨ੍ਹਾਂ ਕੋਲ ਹੈ
ਸ਼ਬਦ ਘੜਨ ਵਾਲੀ
ਆਪਣੀ ਸੱਚੀ ਟਕਸਾਲ
ਜੋ ਘੜਦੀ ਰਹੇਗੀ
ਅਸਲੀਅਤ ਵਿਚੋਂ ਫੁੱਟਦੇ ਸ਼ਬਦ
ਖੁੰਢੀਆਂ ਕਰਨ ਵਾਸਤੇ
ਖ਼ੁਦ ਨੂੰ ਤਾਕਤਵਰ ਮੰਨਦੀ
ਪਰ ਸ਼ਬਦ ਸ਼ਕਤੀ ਤੋਂ ਡਰਦੀ
ਸੱਤਾ ਦੀਆਂ ਕੈਂਚੀਆਂ
ਸਦਾ ਵਾਂਗ...

•



## ਸਥਾਨ

ਕੁਦਰਤ ਦੀ ਰੰਗ ਬਿਰੰਗਤਾ ਸੀ
ਬਰਾਬਰੀ ਸੀ, ਇਕਸਾਰਤਾ ਸੀ
ਬਿਰਖ ਤੇ ਬੂਟੀਆਂ ਸਨ
ਸਥਾਨ ਸੀ ਹਰੇਕ ਵਸਤੂ ਦਾ
ਨਰ ਤੇ ਮਾਦਾ ਹੋਣ ਦੀ
ਕੁਦਰਤੀ ਰਚਨਾ ਸੀ
ਐਨ, ਓਨੇ ਹੀ ਬਰਾਬਰ ਸਨ ਸਾਰੇ
ਜਿੰਨਾ ਬਰਾਬਰ ਸੀ
ਉਨ੍ਹਾਂ ਦਾ ਹੋਣਾ ਥੀਣਾ

ਮਨੁੱਖ ਦਾ ਆਉਣਾ ਧਰਤੀ 'ਤੇ
ਲੈ ਕੇ ਆਉਣਾ ਸੀ
ਵਿਸ਼ੇਸ਼ ਕਿਸਮ ਦੀ ਸਿਆਣਪ
ਸਿਆਣਪ ਨੇ ਕੁਝ ਵੰਡਾਂ ਕੀਤੀਆਂ
ਨਿਸ਼ਚਿਤ ਕੀਤੇ ਸਥਾਨ
ਸਾਰੀਆਂ ਜੀਵ ਨਿਰਜੀਵ ਵਸਤਾਂ ਦੇ
ਵੰਡਿਆ ਗਿਆ ਤੱਥ ਹੋਣ ਥੀਣ ਦਾ
ਨਰ ਤੇ ਮਾਦਾ ਹੋਣ ਵਿਚ

ਜਿਵੇਂ ਵੱਡਾ ਪਹਾੜ ਤੇ ਨਿੱਕੀ ਪਹਾੜੀ
ਅਸਮਾਨ ਨਰ ਤੇ ਧਰਤੀ ਮਾਦਾ
ਵੱਡਾ ਹੋਣਾ ਨਰ ਤੇ
ਛੋਟੇ ਹੋਣਾ ਮਾਦਾ ਹੋ ਗਿਆ

ਚੱਲਿਆ ਇਹ ਸਿਲਸਿਲਾ ਇੰਜ
ਗ੍ਰੰਥ ਨਰ ਤੇ ਪੋਥੀ ਮਾਦਾ
ਅੰਨ ਨਰ ਤੇ ਰੋਟੀ ਮਾਦਾ

ਪਾਠ ਨਰ ਤੇ ਸ਼ਰਧਾ ਮਾਦਾ
ਸੂਰਜ ਨਰ ਤੇ ਧੁੱਪ ਮਾਦਾ
ਚੰਦ ਨਰ ਤੇ ਚਾਨਣੀ ਮਾਦਾ
ਬੱਦਲ ਨਰ ਤੇ ਬਾਰਿਸ਼ ਮਾਦਾ
ਘਰ ਨਰ ਤੇ ਘਰੇਲੂ ਮਾਦਾ
ਯਾਨੀ ਕਰਤਾ ਹੋਣਾ ਨਰ ਸੀ
ਉਸ ਦਾ ਸਥਾਨ ਉਪਰਲਾ ਹੋਇਆ

ਜਨਨੀ ਔਰਤ ਵੀ ਸੀ
ਪਰ
ਸੇਵਾ ਮਾਦਾ ਤੇ ਮੇਵਾ ਨਰ
ਨਿਮਰਤਾ ਮਾਦਾ ਤੇ ਹੰਕਾਰ ਨਰ
ਵਿਚੋਂ ਗੁਜ਼ਰਦਿਆਂ
ਰੱਬ ਨਰ ਤੇ ਆਤਮਾ ਮਾਦਾ ਹੋਈ
ਧਰਤੀ ਦੇ ਸਾਰੇ ਆਦਮੀ ਨਰ
ਰੱਬ ਦੀ ਜਾਤ ਹੋਏ
ਰੱਬ ਦੀ ਸੇਵਾ, ਭਗਤੀ, ਸ਼ਰਧਾ ਵਿਚ
ਗੁਆਚੀ ਆਤਮਾ ਹੀ ਮੰਨੀ ਗਈ ਪ੍ਰਵਾਣਿਤ
ਇਸ ਦਰਜਾਬੰਦੀ ਦੇ ਵਿਚ ਵਿਚਾਲੇ
ਮਿੱਥਿਆ ਗਿਆ
ਸਥਾਨ ਔਰਤ ਦਾ ਇੰਜ!

•

## ਚਿੜੀਆ ਘਰ

ਇਕ ਜੰਗਲ ਵਿਚ ਰਹਿ ਰਹੇ ਹਾਂ
ਨਾਮ...ਸਭਿਅਤਾ

ਕਿਉਂਕਿ ਸਭਿਅਤਾ ਹੈ...ਕਾਨੂੰਨ ਹਨ
ਕਿਉਂਕਿ ਜੰਗਲ ਹੈ, ਬਿਰਖ ਹਨ

ਦਿਨ ਪ੍ਰਤੀਦਿਨ ਵਧਦੇ ਫੁਲਦੇ
ਨਵੀਂਆਂ ਸ਼ਾਖਾਂ ਛੱਡਦੇ ਬਿਰਖ
ਰੋਕ ਦੇਂਦੇ ਕੁਝ ਰਸਤੇ, ਕੁਝ ਵਾਸਤੇ
ਬਣਾ ਦੇਂਦੇ ਕੁਝ ਰਸਤੇ, ਕੁਝ ਵਾਸਤੇ
ਆਪਣੇ ਉਪਰ ਵੱਲੋਂ, ਆਸਿਓਂ ਪਾਸਿਓਂ
ਕਿਤੇ ਮੋੜ ਲੈਂਦੇ ਸ਼ਾਖਾਂ ਉਪਰ ਵੱਲ
ਕਿਸੇ ਨੂੰ ਰਸਤੇ ਦੇਣ ਵਾਸਤੇ
ਕਿਸੇ ਨੂੰ ਛਾਂ ਕਿਸੇ ਨੂੰ ਧੁੱਪ ਦੇਣ ਵਾਸਤੇ
ਇਕਸਾਰਤਾ ਵਰਗਾ ਕੁਝ ਨਹੀਂ
ਕਿਉਂਕਿ ਇਹ ਜੰਗਲ ਸਭਿਅਤਾ ਦਾ ਹੈ

ਸਭਿਅਤਾ ਹੈ...ਤਾਂ ਕਾਨੂੰਨ ਵੀ ਹਨ
ਤੇ ਕਾਨੂੰਨਾਂ ਰਾਹੀਂ
ਲਪੇਟੀ ਜਾ ਰਹੀ ਹੈ ਜੰਗਲ ਦੀ
ਤੇ ਜੰਗਲ ਵਿਚ ਵਸਦਿਆਂ ਦੇ
ਪੈਰਾਂ ਹੇਠਲੀ ਧਰਤੀ

ਕੀਤੀ ਜਾ ਰਹੀ ਹੈ ਨਿਸ਼ਚਿਤ
ਤੁਰਨ ਲਈ ਹੱਦ
ਹੂੰਝੇ ਜਾ ਰਹੇ ਹਨ ਚੰਦ ਤੇ ਤਾਰੇ
ਬੱਦਲ ਤੇ ਬਾਰਿਸ਼ ਸਣੇ ਅਸਮਾਨ ਦੇ

ਖਿੱਚੀ ਜਾ ਰਹੀ ਹੈ ਨਿਰੰਤਰ
ਜੰਗਲ ਦੀ ਹਵਾ

ਸੁੰਗੜ ਰਹੇ ਹਨ ਜੰਗਲ ਵਿਚ
ਰਹਿੰਦਿਆਂ ਦੇ ਸਾਹ

ਨਿਸ਼ਚਿਤ ਕੀਤੀ ਜਾ ਰਹੀ ਹੈ
ਸਾਹਾਂ ਦੀ ਗਿਣਤੀ

ਦੱਸੇ ਜਾ ਰਹੇ ਹਨ ਬੋਲਣ ਵਾਸਤੇ
ਆਵਾਜ਼ ਦੇ ਨਾਪ ਤੋਲ
ਉਚਾਈ, ਚੌੜਾਈ ਤੇ ਗਹਿਰਾਈ
ਸਿਖਾਈ ਜਾ ਰਹੀ ਹੈ
ਵਿਸ਼ੇਸ਼ ਤਰ੍ਹਾਂ ਦੀ ਸੁਣਨ ਯੋਗਤਾ ਵੀ

ਦੱਸਿਆ ਜਾ ਰਿਹਾ
ਕਿਵੇਂ ਨਿਗਲ ਜਾਣੀ ਹੈ
ਸੰਘ ਵਿਚ ਤੜਪਦੀ
ਆਪਣੀ ਬੇਚੈਨ ਆਵਾਜ਼

ਪੂਰਾ ਸਿਲੇਬਸ ਦੱਸਦੇ ਨੇ ਇਹ ਕਾਨੂੰਨ
ਤੇ ਬਹੁਤ ਕੁਝ ਹੈ ਸਿੱਖਣ ਵਾਸਤੇ
ਕਿਉਂਕਿ ਇਹ ਜੰਗਲ ਸਭਿਅਤਾ ਦਾ ਹੈ
ਪਰ...ਸਭਿਅਤਾ ਜੰਗਲ ਦੀ ਨਹੀਂ
ਕਿ ਕਰ ਸਕੋ ਜੋ ਮਰਜ਼ੀ
ਤੇ ਤੁਸੀਂ ਜਾਨਵਰ ਨਹੀਂ
ਇਨਸਾਨ ਹੀ ਸਹੀ...
ਪਰ ਹੋ ਤਾਂ ਸਭਿਅਤਾ ਦੇ ਜੰਗਲ ਵਿਚ
ਜੋ ਚਿੜੀਆ ਘਰ ਹੈ ਹੁਣ...

•

## ਪਰੀ ਕਹਾਣੀਆਂ ਪੜ੍ਹਦਿਆਂ

ਦੂਜੇ ਬਾਲਾਂ ਵਾਂਗ
ਪੜ੍ਹਦੀ ਤੇ ਮਾਣਦੀ ਰਹੀ ਹਾਂ
ਵੰਨ-ਸੁਵੰਨੀਆਂ ਪਰੀ ਕਹਾਣੀਆਂ

ਇਨ੍ਹਾਂ ਕਥਾਵਾਂ ਵਿਚ ਅਕਸਰ
ਹੁੰਦੀ ਹੈ ਇਕ ਸੋਹਣੀ ਰਾਜਕੁਮਾਰੀ
ਜਾਂ ਸੋਹਣੀ ਸਿਆਣੀ ਜਿਹੀ ਪਰੀ ਕੋਈ
ਤੇ ਦਿਓ ਹੁੰਦਾ ਇਕ
ਅਗਵਾ ਕਰਦਾ ਪਰੀ ਨੂੰ
ਆਪਣੀ ਕੈਦ ਵਿਚ ਰੱਖਣ ਵਾਸਤੇ

ਕੋਈ ਰਾਜਕੁਮਾਰ ਜਾਂ ਕਦੇ
ਕੋਈ ਸਧਾਰਨ ਜਾਂਬਾਜ਼ ਬੰਦਾ
ਲੜਦਾ ਦਿਓ ਜਾਂ ਰਾਖਸ਼ ਜਿਹੇ
ਖਲਨਾਇਕ ਨਾਲ
ਪਰੀ ਦਾ ਨਾਇਕ ਬਣ ਕੇ
ਬਚਾ ਲਿਜਾਂਦਾ ਅਕਸਰ
ਪਰੀ ਜਾਂ ਰਾਜਕੁਮਾਰੀ ਨੂੰ

ਤੁਰਦੀ ਰਹੀ ਉਮਰ
ਤੇ ਦੂਜੀ ਪਗਡੰਡੀ ’ਤੇ
ਤੁਰਦੀਆਂ ਰਹੀਆਂ ਨਾਲ ਮੇਰੇ
ਸਾਰੀਆਂ ਪਰੀ ਕਹਾਣੀਆਂ
ਰਚ ਕੇ ਵੱਸ ਗਈਆਂ ਅੰਦਰ ਉਹ
ਮੇਰੀਆਂ ਕਹਾਣੀਆਂ ਬਣ ਕੇ

ਹਾਲਾਤ ਦਾ ਦਿਓ ਜਾਂ ਰਾਖਸ਼
ਕਰਦਾ ਰਿਹਾ ਕੋਸ਼ਿਸ਼ ਨਿਰੰਤਰ

ਅਗਵਾ ਕਰਨ ਦੀ
ਮੇਰੀ ਸੰਵੇਦਨਾ ਦੀ ਪਰੀ ਨੂੰ
ਤੇ ਲੜਦਾ ਰਿਹਾ ਉਸ ਨਾਲ
ਲਗਾਤਾਰ ਮੇਰੇ ਨਿੱਜ ਦਾ ਨਾਇਕ
ਪਰੀ ਨੂੰ ਬਚਾਉਣ ਵਾਸਤੇ

ਕਦੇ ਘਬਰਾਉਂਦਾ, ਹਾਰਨ ਲੱਗਦਾ
ਕਮਜ਼ੋਰ ਜਾਪਣ ਲੱਗਦਾ ਨਾਇਕ
ਤਾਂ ਨਿਤਾਰ ਲਿਆਉਂਦੀ ਪਰੀ ਵੀ ਉਸ ਨੂੰ
ਨਿਰਾਸ਼ਤਾ ਦੇ ਸਮੁੰਦਰਾਂ 'ਚੋਂ


ਗਹਿਰੇ ਦੋਸਤ ਹੋ ਗਏ ਦੋਵੇਂ ਫਿਰ
ਹੌਲ਼ੀ ਹੌਲ਼ੀ...
ਬਦਲਣ ਲੱਗ ਪਏ ਜਾਮੇ
ਆਪਸ ਵਿਚ ਇਹ ਦੋਵੇਂ
ਤੇ ਉਸਰਦੀਆਂ ਰਹੀਆਂ
ਨਵੀਆਂ ਪਰੀ ਕਹਾਣੀਆਂ
ਅੰਦਰੇ ਅੰਦਰ ਮੇਰੇ
ਇਨ੍ਹਾਂ ਦਾ ਸਿਰਜਿਆ
ਹਰ ਟੋਟਾ ਉਮਰ ਦਾ
ਬਣ ਜਾਂਦਾ ਰਿਹਾ ਜ਼ਿੰਦਗੀ

ਉਮਰ ਤੁਰਦੀ ਰਹੀ
ਆਪਣੀ ਪਗਡੰਡੀ 'ਤੇ
ਬੁਣਦੀ ਰਹੀ ਜ਼ਿੰਦਗੀ ਨੂੰ
ਬਰਾਬਰ ਦੀ ਪਗਡੰਡੀ 'ਤੇ ਤੁਰਦੀ
ਮੇਰੀ, ਸੰਵੇਦਨਾ ਦੀ

ਤੇ ਪਰੀ ਕਹਾਣੀਆਂ ਦੀ ਤਿੱਕੜੀ
ਜੋ ਵੱਸੀ ਹੁੰਦੀ...
ਮਨ ਦੇ ਅੰਦਰ
ਬਦਲਦੀ ਰਹਿੰਦੀ ਰੂਪ
ਤੇ ਦੇਂਦੀ ਰਹਿੰਦੀ ਸ਼ਕਤੀ
ਜੀਣ ਤੇ ਤੁਰਦੇ ਰਹਿਣ ਦੀ

ਮੈਂ ਕਦੇ ਨਹੀਂ ਛੱਡੀਆਂ ਪੜ੍ਹਨੀਆਂ
ਪਿਆਰੀਆਂ ਪਰੀ ਕਹਾਣੀਆਂ

•



## ਜਾਦੂਗਰ


ਜਦੋਂ ਵੀ ਕਦੇ ਸੋਚਦੀ ਹਾਂ
ਪਰੀ ਕਥਾਵਾਂ ਵਿਚਲੇ
ਡਾਢੇ ਜਾਦੂਗਰਾਂ
ਤੇ ਜ਼ਾਲਮ ਜਾਦੂਗਰਨੀਆਂ ਦੀਆਂ
ਕਹਿਰ ਢਾਹੁੰਦੀਆਂ ਕਹਾਣੀਆਂ ਬਾਰੇ
ਚਿਤਵਦੀ ਹਾਂ...
ਜ਼ਰੂਰ ਹੀ ਇਨ੍ਹਾਂ ਕਹਾਣੀਆਂ ਦੇ ਸਿਰਜਕ
ਪਿਆਰ-ਮੱਤੀਆਂ, ਰੱਤੀਆਂ ਰੂਹਾਂ ਹੋਣਗੇ
ਮਹਿਸੂਸ ਕੀਤਾ ਹੋਵੇਗਾ ਉਨ੍ਹਾਂ ਨੇ ਕਿਤੇ ਗਹਿਰੇ
ਪਿਆਰ ਦੇ ਜਾਦੂਈ ਜਲਵੇ ਦਾ ਕਹਿਰ

ਪਿਆਰ ਦਾ ਕਾਬੂ ਕਰ ਲੈਣਾ
ਆਪਣੇ ਤਲਿੱਸਮ ਨਾਲ ਕਿਸੇ ਨੂੰ
ਮਨ, ਜ਼ਿਹਨ, ਨਜ਼ਰ, ਸੋਚ
ਤੇ ਪੂਰੇ ਵਜੂਦ ਤਕ
ਰੰਗ ਕੇ ਆਪਣੇ ਰੰਗ ਵਿਚ
ਡੋਬ ਕੇ ਇਸ ਦੀ ਸੰਘਣੀ ਗਹਿਰ ਵਿਚ
ਜਕੜ ਕੇ ਅਦਿੱਖ ਤੰਦਾਂ ਵਿਚ
ਕੈਦ ਕਰ ਲੈਣਾ ਆਪਣੀ ਉੱਚੀ ਵਲਗਣ ਵਿਚ
ਕਿਸੇ ਜ਼ਾਲਮ ਤਾਨਾਸ਼ਾਹ ਵਾਂਗ

ਤੱਕਣ ਨਾ ਦੇਣਾ ਕਦੇ
ਆਪਣੀ ਕੈਦ ਦੇ ਗ਼ਲਬੇ ਤੋਂ ਬਾਹਰ
ਤੜਪਣ ਦੇਣਾ, ਕੁੱਸਣ ਦੇਣਾ
ਪਰ ਢਿੱਲਾ ਨਾ ਹੋਣ ਦੇਣਾ
ਆਪਣੀਆਂ ਤੰਦਾਂ ਦਾ ਕਸਾਅ
ਕਿਸੇ ਨੂੰ ਨਿਹੱਥਾ ਕਰ ਕੇ

ਏਨਾ ਬੇਬਸ ਕਰ ਦੇਣ ਵਾਲਾ
ਕੌਣ ਹੋ ਸਕਦਾ...
ਕੌਣ ਹੋ ਸਕਦਾ ਆਖਰ...?
ਇਸ ਤਲਿਸਮੀ ਜ਼ਾਲਮ ਜਾਦੂਗਰ
ਪਿਆਰ ਤੋਂ ਵੱਧ ਡਾਢਾ...!

•



# ਕੰਡੇ ਤਪੱਸਵੀ ਹੁੰਦੇ

ਫੁੱਲਾਂ ਨਾਲ ਪਿਆਰ
ਸਹਿਜ ਸੁਭਾਅ ਹੋ ਜਾਂਦਾ
ਹਰ ਇਕ ਨੂੰ
ਪਰ ਕੰਡਿਆਂ ਨਾਲ ਕਿਸੇ ਨੂੰ ਵੀ
ਪਿਆਰ ਹੁੰਦਾ ਨਹੀਂ ਸੁਣਿਆ
ਨਾ ਹੀ ਪਿਆਰ ਦੀ ਕਿਸੇ ਧਾਰਾ
ਕਿਸੇ ਪਰਿਭਾਸ਼ਾ ਵਿਚ
ਕੰਡਿਆਂ ਨਾਲ ਪਿਆਰ ਦੀ
ਕੋਈ ਮਿਸਾਲ ਹੈ ਹੀ ਕਿਤੇ

ਫੁੱਲਾਂ ਨਾਲ ਪਿਆਰ ਕਰਦਿਆਂ
ਰੰਗ, ਮਹਿਕ ਤੇ ਕੋਮਲਤਾ ਦੀ
ਰੁਮਾਨੀਅਤ ਨਾਲ ਮਿਚਦਾ
ਮਹਿਕਦਾ ਏ ਕੋਈ
ਫਿਰ ਮੁਰਝਾਉਂਦੀ ਕੋਮਲਤਾ
ਉੱਡਦੇ ਰੰਗਾਂ ਨਾਲ ਦੁਖੀ ਵੀ ਹੁੰਦਾ
ਫੁੱਲਾਂ ਨਾਲ ਪਿਆਰ ਕਰਨ ਲਈ
ਹੋਣਾ ਪੈਂਦਾ ਏ ਮਾਲੀ ਜਾਂ ਆਸ਼ਕ

ਕੰਡਿਆਂ ਨੂੰ ਪਿਆਰ ਦਾ ਕੋਈ
ਰਿਵਾਜ਼ ਹੈ ਨਾ ਵਿਧੀ ਵਿਧਾਨ
ਨਾ ਮਨ ਨੂੰ ਹੀ ਪੋਂਹਦੇ ਨੇ ਕੰਡੇ
ਰੰਗ ਮਹਿਕ ਨਾ ਕੋਮਲਤਾ
ਉਨ੍ਹਾਂ ਵੱਲੋਂ ਫੜ ਲਿਆ ਦਾਮਨ
ਛੁਡਾ ਲਿਆ ਜਾਂਦਾ ਖਿਝ ਨਾਲ

ਕੰਡੇ, ਫੁੱਲਾਂ ਦੇ ਰਾਖੇ
ਤੇ ਆਪਣੇ ਵੀ ਖ਼ੁਦ

ਇਕਤਰਫ਼ਾ ਸਮਰਪਣ ਵਿਚ ਬੱਝੇ
ਬੇਗਰਜ਼, ਜ਼ੁੰਮੇਵਾਰ ਪਹਿਰੇਦਾਰ
ਬੇਕਸੂਰ ਹੁੰਦਿਆਂ ਵੀ
ਇਲਜ਼ਾਮਾਂ ਦੇ ਘੇਰੇ ਵਿਚ ਸਦਾ
ਦਿਲ ਦੀਆਂ ਦਿਲ ਵਿਚ ਰੱਖ
ਵਿਰਵਾ ਜਿਹਾ ਜੀਵੀ ਜਾਂਦੇ
ਨਾ ਜਾਣਦੇ ਨਾ ਪੁੱਛਦੇ
ਕਸੂਰ ਆਪਣਾ ਕਦੇ

ਇਕੋ ਟਾਹਣੀ 'ਤੇ ਪੁੰਗਰਨਾ
ਫੁੱਲਾਂ ਦੇ ਜੌੜੇ ਭਰਾ ਹੁੰਦਿਆਂ
ਤੇ ਨਫ਼ਰਤ ਜੀਣੀ ਤਾ-ਉਮਰ

ਕੰਡੇ ਹੋਣਾ...ਕੋਈ ਤਪੱਸਵੀ ਹੋਣਾ ਹੁੰਦਾ

•

# ਸਮਿਆਂ ਦੀ ਬਿਸਾਤ ’ਤੇ

ਹਰ ਸਾਲ ਇਸ ਯੱਖ ਮਹੀਨੇ
ਜਾਗ ਕੇ ਬਰਫ਼ੀਲੀ ਹਵਾ
ਪਰਤ ਦੇਂਦੀ ਏ
ਸਮੇਂ ਦੀ ਲੋਈ ਵਲ੍ਹੇਟ ਕੇ ਸੁੱਤਾ
ਇਤਿਹਾਸ ਦਾ ਉਹ ਪੰਨਾ
ਜਦੋਂ ਮਸਲ ਦਿੱਤੇ ਸੀ ਫੁੱਲਾਂ ਵਰਗੇ
ਮਾਸੂਮ ਸਾਹਿਬਜ਼ਾਦੇ
ਮਨੁੱਖੀ ਲਿਬਾਸ ਵਿਚ ਲੁਕੀ
ਕੱਟੜ ਧਾਰਮਿਕਤਾ ਨੇ

ਮਨੁੱਖਤਾ ਨੇ ਪਹਿਨ ਲਿਆ ਸੀ ਜਦ
ਜ਼ਬਰ ਦਾ ਜਾਮਾਂ, ਇਕ ਵਾਰ ਫਿਰ...
ਇਨਸਾਨ ਦੇ ਖੋਲ ਵਿਚੋਂ ਜਾਗ ਪਏ ਸਨ
ਜ਼ਹਿਰ ਬੁਝੇ ਮਨਾਂ ਵਾਲੇ ਅੱਤਿਆਚਾਰੀ
ਤੇ ਮਸਲਿਆ ਸੀ ਕੋਮਲ
ਨੰਨ੍ਹੇ ਸਾਹਿਬਜ਼ਾਦਿਆਂ ਨੂੰ

ਜ਼ਹੀਨ ਸੂਰਬੀਰ ਪਿਤਾ
ਗੁਰੂ ਗੋਬਿੰਦ ਸਿੰਘ ਦੀ ਗੁੜ੍ਹਤੀ
ਦਾਦੇ ਦੀ ਵਿਰਾਸਤ
ਦਾਦੀ ਦੀ ਨਸੀਹਤ
ਤੇ ਮਾਂ ਦੇ ਪਿਆਰ ਦੇ ਵਰੋਸਾਏ
ਜ਼ੁਲਮ ਸਾਹਵੇਂ ਡਟਣ ਵਾਲੇ
ਨੰਨ੍ਹੇ ਸਿਪਾਹਸਲਾਰ
ਨਾ ਡਰੇ ਖੂੰਖਾਰ ਹਾਕਮ ਤੋਂ
ਨਾ ਤਸੀਹਿਆਂ ਦੀਆਂ ਪੀੜਾਂ
ਤੇ ਨਾ ਹੀ ਮੌਤ ਦੇ ਡਰ ਤੋਂ

ਨਾ ਟਲ਼ੇ ਅਕੀਦੇ ਤੋਂ
ਨਾ ਲਾਈ ਲਾਜ
ਪਿਤਾ ਪੁਰਖੀ ਮਾਣ ਨੂੰ

ਇਕੱਲੀ ਖੜੀ
ਇਹ ਜਾਂਬਾਜ਼ੀ ਦੀ ਕਥਾ
ਸਾਹਵੇਂ ਇਤਿਹਾਸ ਦੇ
ਕਿ ਇੰਜ ਵੀ ਹੁੰਦਾ
ਹਾਰ ਜਾਂਦੀ ਏ ਜ਼ੁਲਮ ਦੀ ਹਨੇਰੀ
ਕੋਮਲ ਫੁੱਲਾਂ ਦੇ ਸਾਹ ਪੀਂਦੀ ਪੀਂਦੀ
ਪਰ ਖਿੜੇ ਰਹਿੰਦੇ ਨੇ ਲੋਕ ਚੇਤਿਆਂ ਵਿਚ
ਹਮੇਸ਼ਾਂ ਵਾਸਤੇ ਪਿਆਰੇ ਸਾਹਿਬਜ਼ਾਦੇ
ਠੰਢੇ ਬੁਰਜ ਵਿਚ ਬੈਠੀ ਦਾਦੀ ਦੀ
ਸਿੱਖਿਆ ਦਾ ਮਾਣ ਰੱਖਦੇ
ਅਕੀਦੇ ਦਾ ਤਾਣ ਉਕੇਰਦੇ
ਸਮਿਆਂ ਦੀ ਬਿਸਾਤ ’ਤੇ
ਹਮੇਸ਼ਾਂ ਲਈ...

•

## ਸ਼ਤਾਬਦੀਆਂ ਮਨਾਉਂਦਿਆਂ

ਕਦੇ ਕਦੇ ਸੁਆਲ ਉੱਠਦਾ ਮਨ ਵਿਚ
ਕਿਉਂ ਮਨਾਉਂਦੇ ਹਾਂ ਸ਼ਤਾਬਦੀਆਂ
ਸਦੀਆਂ ਪਹਿਲਾਂ ਵਿਚਰ ਕੇ ਗਏ
ਆਪਣੇ ਗੁਰੂਆਂ ਦੀਆਂ
ਤੇ ਜੁਆਬ ਲੱਭਣ ਲੱਗਦੀ ਹਾਂ

ਯਾਦ ਕਰਦੀ ਹਾਂ ਗੁਰੂ ਤੇਗ਼ ਬਹਾਦਰ ਜੀ ਦੀ
ਕਿਸੇ ਹੋਰ ਧਰਮ ਦੀਆਂ ਕਦਰਾਂ ਕੀਮਤਾਂ ਦੀ
ਰਾਖੀ ਖ਼ਾਤਰ ਦਿੱਤੀ ਲਾਸਾਨੀ ਕੁਰਬਾਨੀ

ਰਹਿਨੁਮਾ ਹੋਵੇ ਜਦ ਕੋਈ
ਆਮ ਇਨਸਾਨ ਨਹੀਂ ਰਹਿੰਦਾ ਉਹ ਫਿਰ
ਉਸਦੀ ਸੋਚ ਦੇ ਕਦਮ ਹੁੰਦੇ
ਇਨਸਾਨੀ ਕਦਰਾਂ ਕੀਮਤਾਂ ਦੀ ਧਰਤ ’ਤੇ
ਤੇ ਗੁਰੂ ਤੇਗ਼ ਬਹਾਦਰ ਹੁੰਦਿਆਂ
ਦੇਸ਼ ਦੀਆਂ ਧਰਤੀਆਂ ਗਾਹ ਚੁੱਕੇ
ਕਦਮਾਂ ਕੋਲ਼ ਹੁੰਦੇ ਨੇ
ਵਿਚਾਰਕ ਸਫ਼ਰਾਂ ਦੇ ਪੁਖਤਾ ਸਿਰਨਾਵੇਂ
ਤੇ ਸਾਫ਼-ਸਫ਼ਾਫ਼ ਪਾਰਦਰਸ਼ੀ ਜ਼ਮੀਰ

ਤਦ ਉਹ ਸਿਰਫ਼ ਆਪਣੇ
ਤੇ ਆਪਣੇ ਪਰਿਵਾਰ ਦੇ ਹੀ ਨਹੀਂ ਰਹਿ ਜਾਂਦੇ
ਉਹ ਹੋ ਗਏ ਹੁੰਦੇ ਨੇ ਉਸ ਜਨ ਸਮੂਹ ਦੇ
ਜਿਨ੍ਹਾਂ ਦਾ ਵਿਸ਼ਵਾਸ ਹੁੰਦਾ ਉਸ ਰਹਿਨੁਮਾ ’ਤੇ

ਸੰਬਲ ਬਣ ਗਏ ਹੁੰਦੇ ਨੇ ਉਹ
ਭਾਈਬੰਦਾਂ ਦੇ ਵਿਸ਼ਵਾਸ ਦੇ
ਅਕੀਦਿਆਂ ਦੇ, ਇਨਸਾਨੀਅਤ ਦੇ


ਆਪਣੀ ਜ਼ਮੀਰ ਦੀ ਬੁਲੰਦ ਆਵਾਜ਼ ’ਤੇ ਤੁਰਦਿਆਂ
ਡਰ ਨਹੀਂ ਰਹਿੰਦਾ ਆਪਣੀ ਜਾਨ ਦਾ ਉਨ੍ਹਾਂ ਨੂੰ
ਫਿਰ ਗੁਰੂ ਦਾ ਤੇਗ਼ ਬਹਾਦਰ ਹੋਣਾ
ਬਹਾਦਰੀ ਨਾਲ ਤੇਗ਼ ਮਾਰ ਕੇ
ਕਿਸੇ ਨੂੰ ਮਾਰਨਾ ਨਹੀਂ ਰਹਿ ਜਾਂਦਾ
ਆਪਣੇ ਲੋਕਾਂ ਦੇ ਅਕੀਦਿਆਂ
ਵਿਸ਼ਵਾਸਾਂ ਤੇ ਕਦਰਾਂ ਕੀਮਤਾਂ ਦੀ ਖ਼ਾਤਰ
ਆਪਣੇ ਉੱਤੇ ਉਨ੍ਹਾਂ ਦੇ ਯਕੀਨ ਦੀ ਖ਼ਾਤਰ
ਜ਼ੁਲਮ ਦੀ ਤੇਗ਼ ਸਾਹਵੇਂ
ਹੱਕ ਸੱਚ ਤੇ ਇਨਸਾਫ਼ ਦੀ ਵੇਦੀ ’ਤੇ
ਆਪਣੀ ਜਾਨ ਵਾਰ ਦੇਣਾ ਵੀ ਹੋ ਜਾਂਦਾ

ਆਪਣੇ ਲੋਕਾਂ ਦੇ ਮਨਾਂ ਵਿਚ
ਸੁੱਚੇ ਆਦਰਸਾਂ ਨੂੰ ਬਚਾਈ ਰੱਖਣਾ
ਤੇ ਬੀਜ ਦੇਣਾ ਇੰਜ...
ਅਗਲੀ ਪੀੜ੍ਹੀ ਦੇ ਮਨ ਵਿਚ
ਕਿ ਉਨ੍ਹਾਂ ਪੈੜਾਂ ’ਤੇ ਤੁਰਦਿਆਂ ਉਹ
ਗੁਰੂ ਗੋਬਿੰਦ ਸਿੰਘ ਹੋ ਕੇ
ਕਰ ਸਕਣ ਨਿਰਭਉ, ਨਿਡਰ
ਬਹਾਦਰ ਖ਼ਾਲਸੇ ਦੀ ਸਿਰਜਣਾ
ਭਲਾ ਮੰਗਣ ਸਰਬੱਤ ਦਾ
ਵਾਰ ਸਕਣ ਪਰਿਵਾਰ ਤਕ, ਅਸੂਲਾਂ ਖ਼ਾਤਰ

ਆਪਣੇ ਗੁਰੂਆਂ ਤੋਂ ਮਿਲੇ
ਅਜ਼ੀਮ ਵਿਰਸੇ ਬਾਰੇ ਸੋਚਦਿਆਂ
ਭਿੱਜ ਕੇ, ਸਿੱਜ ਕੇ ਮਨਾਉਂਦੇ ਹਾਂ ਫਿਰ
ਆਪਣੇ ਇਸ ਤਰ੍ਹਾਂ ਦੇ ਗੁਰੂਆਂ

ਰਹਿਨੁਮਾਵਾਂ ਦੀਆਂ ਜਨਮ ਸ਼ਤਾਬਦੀਆਂ
ਕਿ ਰੁਲ਼ ਨਾ ਜਾਣ ਇਤਿਹਾਸ ਦੇ ਧੁੰਦੂਕਾਰੇ ਵਿਚ
ਸੁੱਚੀਆਂ ਕਦਰਾਂ ਕੀਮਤਾਂ ਕੇਰ ਗਏ
ਪਰਮ ਪੁਰਖਾਂ ਦੀ ਸੋਚ ਦੇ ਬੀਜ
ਪੁੰਗਰਦੇ ਹੀ ਰਹਿਣ ਉਹ ਸਦਾ
ਆਉਣ ਵਾਲੀਆਂ ਪੀੜ੍ਹੀਆਂ ਦੀਆਂ ਸੋਚਾਂ ਵਿਚ
ਸਿਮਰਤੀਆਂ ਵਿਚ, ਜ਼ਿੰਦਗੀ ਵਿਚ
...ਆਮੀਨ!...

•



# ਚੇਤੇ ਨਹੀਂ ਰਹਿੰਦੀ ਕਵਿਤਾ ਹੁਣ

ਬਚਪਨ ਤੋਂ ਕਵਿਤਾ ਪੜ੍ਹਦਿਆਂ
ਯਾਦ ਰਹੀਆਂ ਬਹੁਤ ਸਾਰੀਆਂ ਕਵਿਤਾਵਾਂ
ਕਈ ਕਾਰਨਾਂ ਕਰਕੇ

ਜਿਵੇਂ
ਦੇਸੀ ਪੰਜਾਬ ਦੇ
ਦੁੱਖਾਂ ਸੁੱਖਾਂ ਦੀ ਬਾਤ ਕਰਦੀਆਂ
ਚਾਤ੍ਰਿਕ ਦੀਆਂ ਕਵਿਤਾਵਾਂ
ਕੁਦਰਤ ਨਾਲ ਸੰਵਾਦ ਰਚਾਉਂਦੀਆਂ
ਭਾਈ ਵੀਰ ਸਿੰਘ ਦੀਆਂ ਕਵਿਤਾਵਾਂ
ਅੰਮ੍ਰਿਤਾ ਦੀਆਂ ਔਰਤ ਦੇ
ਅਹਿਸਾਸਾਂ ਨੂੰ ਚਿਤਰਦੀਆਂ
ਤੇ ਪ੍ਰੋ. ਮੋਹਨ ਸਿੰਘ ਦੀਆਂ
ਮਜ਼ਦੂਰ ਦੀ ਦੱਬੀ ਪਈ ਪੀੜਾ
ਤੇ ਅੰਬੀ ਦੇ ਬੂਟੇ ਦੁਆਲੇ
ਯਾਦਾਂ ਚਿਤਵਦੀਆਂ ਕਵਿਤਾਵਾਂ
ਸ਼ਿਵ ਕੁਮਾਰ ਦੇ
ਦਿਲ ਚੀਰਵੇਂ ਬਿਰਹੇ ਦੀ
ਪਰਿਕਰਮਾ ਕਰਦੇ ਗੀਤ
ਤੇ ਬਾਵਾ ਬਲਵੰਤ ਦੀਆਂ
ਸੰਵੇਦਨਾ ਵਿਚ ਲਿਪਟੀ ਬੌਧਿਕਤਾ ਨੂੰ
ਚਿਤਾਰਦੀਆਂ ਕਵਿਤਾਵਾਂ

ਦੇਰ ਤਕ ਯਾਦ ਰਹੀਆਂ
ਇਹ ਤੇ ਇਨ੍ਹਾਂ ਵਰਗੀਆਂ ਹੋਰ ਕਵਿਤਾਵਾਂ

ਸਮੇਂ ਬਦਲੇ...ਬੇਤਹਾਸ਼ਾ ਕਾਹਲ਼ੀ ਨਾਲ
ਅਸੀਂ ਬਦਲੇ...ਹੋਰ ਕਾਹਲ਼ੀ...ਹੋਰ ਕਾਹਲ਼ੀ

ਹੋਰ ਕਾਹਲ਼ੀ ਨਾਲ
ਤੇ ਸਗਵੀਆਂ ਦੀਆਂ ਸਗਵੀਆਂ
ਬਦਲ ਗਈਆਂ ਨਵੀਆਂ ਜੰਮਦੀਆਂ ਕਵਿਤਾਵਾਂ
ਉੱਡਣ ਲੱਗੀ ਉਨ੍ਹਾਂ ਵਿਚ
ਕਾਹਲ਼ੇ ਪੈਰਾਂ ਨਾਲ ਉੱਡੀ
ਸਾਡੇ ਵੇਲਿਆਂ ਦੀ ਧੂੜ

ਜਿਸ ਵਿਚ ਹੈ
ਨਸ਼ਿਆਂ, ਬੇਰੁਜ਼ਗਾਰੀ
ਖ਼ੁਦਕੁਸ਼ੀਆਂ ਤੇ ਇੰਜ ਦੇ
ਕਈ ਕੁਝ ਦੇ ਢੇਰਾਂ ’ਤੇ
ਧੁਖਦੇ ਸੁਪਨਿਆਂ ਦਾ ਧੂੰਆਂ
ਔਰਤ ਦੀ ਬੇਹੁਰਮਤੀ ਦੀਆਂ ਖ਼ਬਰਾਂ ਦੇ
ਪਰਬਤ ਹੇਠ ਕੁੱਸਦੀਆਂ ਚੀਕਾਂ

ਤੇ ਇਸ ਤਰ੍ਹਾਂ ਦੀਆਂ
ਹੋਰ ਵੀ ਸਭ ਮਹਾਂਮਾਰੀਆਂ ਨਾਲ
ਲੋਕਾਈ ਨੂੰ ਨਿਭਾਉਂਦੇ
ਸਿਆਸਤੀ ਪਲਸੇਟਿਆਂ ਸਮੇਤ
ਇਸ ਸਭ ਕੁਝ ਦੇ ਪਹਾੜ ਹੇਠ
ਮਿੱਧੀ ਮਸਲੀ ਜਾਂਦੀ
ਕਵਿਤਾ ਦੀ ਰੂਹ

ਬੌਂਦਲੇ ਬੰਦੇ ਨੂੰ
ਚੇਤੇ ਹੀ ਨਹੀਂ ਰਹਿੰਦੀ ਕੋਈ ਕਵਿਤਾ ਹੁਣ!

•

# ਪੈਰ

'ਉਹ ਤਾਂ ਮੇਰੇ ਪੈਰਾਂ ਵਰਗਾ ਵੀ ਨਹੀਂ'

ਇਵੇਂ ਹੀ ਕਹਿੰਦੇ ਹਨ ਕਿਸੇ ਬਾਰੇ
ਜਦ ਉਸ ਨੂੰ ਬਹੁਤ ਮਾੜਾ, ਨਿੱਘਰਿਆ
ਘਟੀਆ, ਕਮਜ਼ੋਰ ਸਾਬਤ ਕਰਨਾ ਹੋਵੇ

ਧਰਤੀ ਨਾਲ ਖਹਿ ਕੇ ਤੁਰਦੇ ਹਨ ਪੈਰ
ਚੁੱਕ ਕੇ ਸਾਰੇ ਸਰੀਰ ਦਾ ਭਾਰ
ਜਿਹੋ ਜਿਹਾ ਵੀ ਹੋਵੇ ਸਰੀਰ
ਮੰਨਦਿਆਂ ਹੁਕਮ, ਪੈਰਾਂ ਤੋਂ ਉਪਰਲੇ ਪੱਧਰ ਦੇ
ਸਮਾਜ ਦਾ ਦਿਮਾਗ਼ ਬਣੇ ਲੋਕਾਂ ਦਾ

ਨਾਂਹ ਕਰ ਦੇਣ ਕਿਸੇ ਦਿਨ ਪੈਰ...ਜੇ
ਇਹ ਭਾਰ ਚੁੱਕ ਕੇ ਤੁਰਨੋਂ
ਤਾਂ ਢਹਿ ਢੇਰੀ ਹੋ ਜਾਵੇ
ਸਰੀਰ ਦਾ ਪਹਾੜ

ਢਹਿ ਢੇਰੀ ਹੋ ਜਾਵੇ
ਸਮਾਜਕ ਵਿਵਸਥਾ
ਜੇ ਨਾਂਹ ਕਰ ਦੇਣ ਕੰਮ ਕਰਨੋਂ
ਕਾਮੇ, ਮਜ਼ਦੂਰ ਤੇ ਔਰਤ
ਇਹ ਹੀਣੀ ਤਸ਼ਬੀਹ ਨਾਲ ਮੇਚੇ ਜਾਂਦੇ
ਪੈਰਾਂ ਵਰਗੇ ਸਾਰੇ ਲੋਕ

ਪੈਰਾਂ ਵਰਗੇ ਜਾਂ ਖ਼ੁਦ ਪੈਰ...।

•

# ਅਸੀਂ ਆਮ ਲੋਕ

ਅਸੀਂ ਆਮ ਲੋਕ
ਸੁਪਨਸਾਜ਼ ਹੁੰਦੇ ਹਾਂ, ਅਕਸਰ
ਤੇ ਇੰਜ ਕਰਦਿਆਂ
ਲੋਟ-ਪੋਟ ਹੁੰਦੇ ਰਹਿੰਦੇ ਹਾਂ
ਭਾਸ਼ਾ ਦੀ ਖ਼ੂਬਸੂਰਤੀ ਤੇ
ਜਿਹੜੀ ਸਿਰਜਦੇ ਨੇ
ਸਾਡੇ ਹੀ ਵੱਲੋਂ
ਰਹਿਨੁਮਾ ਬਣਾ ਕੇ
ਥਾਪੇ ਗਏ ਲੀਡਰ ਸਾਡੇ
ਤੇ ਇਸ ਭਾਸ਼ਾ ਦੇ ਪਰਾਂ ’ਤੇ ਉੱਡਦਿਆਂ
ਭੁੱਲ ਜਾਂਦੇ ਹਾਂ ਧਰਤੀ
ਜਿਹੜੀ ਖਿਸਕ ਰਹੀ ਹੁੰਦੀ ਹੈ ਨਿਰੰਤਰ
ਸਾਡੇ ਪੈਰਾਂ ਹੇਠੋਂ

...ਫਿਰ ਪਤਾ ਹੀ ਨਹੀਂ ਲੱਗਦਾ
ਉਨ੍ਹਾਂ ਦੀ ਬੋਲੀ
ਤੇ ਸਾਡੇ ਵੱਲੋਂ ਸੁਣੀ ਗਈ
ਭਾਸ਼ਾ ਦੇ ਆਕਾਰ, ਗਹਿਰਾਈ
ਤੇ ਇਹਦੇ ਅੰਦਰਲੇ ਅਰਥਾਂ ਦਾ
ਉਦਾਹਰਣ ਦੇ ਤੌਰ ’ਤੇ
ਉਹ ਕਹਿੰਦੇ ਨੇ
ਅਸੀਂ ਤੁਹਾਡੇ...
ਤਾਂ ਅਸੀਂ ਘੁਲ਼ ਕੇ ਉਨ੍ਹਾਂ ਸ਼ਬਦਾਂ ਵਿਚ
ਡੁੱਲ੍ਹੇ, ਗੁਆਚੇ, ਟਿਮਕਦੇ ਰਹਿੰਦੇ
ਇਨ੍ਹਾਂ ਸ਼ਬਦਾਂ ਦੇ ਆਲੇ-ਦੁਆਲੇ

ਉਹ ਕਹਿੰਦੇ...
ਖ਼ੁਸ਼ਹਾਲੀ ਆ ਰਹੀ
ਤੇ ਚਹਿਕ ਉੱਠਦੇ ਅਸੀਂ
ਬਿਨਾਂ ਇਹ ਸੋਚਿਆਂ
ਕਿ, ਕਿਸ ਦੀ ?

ਉਹ ਕਹਿੰਦੇ, ਨੌਕਰੀਆਂ
ਤੇ ਨੌਕਰ ਬਣੇ ਫਿਰਦੇ
ਉਨ੍ਹਾਂ ਦੇ ਅਸੀਂ

ਫਿਰ ਉਹ ਕਹਿੰਦੇ 'ਵਿਕਾਸ'
ਤੇ ਵਿਕਾਸ ਦੀ ਕੋਈ ਤੰਦ ਭਾਲਣ ਤੁਰੇ
ਪਹੁੰਚਦੇ ਹਾਂ ਉਥੇ
ਜਿਥੇ ਵੰਡੇ ਜਾ ਰਹੇ
'ਨੌਕਰੀ' ਲਿਖੇ ਕਾਗ਼ਜ਼
ਸਾਡੇ ਹੀ ਵੱਡੇ ਬਣਾਏ
ਤੇ ਹੋਰ ਵੱਡੇ ਹੋ ਗਏ
ਰਹਿਨੁਮਾਵਾਂ ਦੇ ਹੱਥੀਂ


...ਚੇਤੇ ਕਰਦੇ ਹਾਂ ਪਿਛਲੇ ਵੇਲੇ
ਜਦੋਂ ਘਰ ਹੀ ਪਹੁੰਚ ਜਾਂਦੀਆਂ ਸਨ
ਇਹ ਚਿੱਠੀਆਂ ਡਾਕੀਏ ਦੇ ਹੱਥੀਂ

ਖ਼ੁਸ਼ ਹੋ ਜਾਂਦੇ ਹਾਂ
ਚਿੱਠੀ ਪ੍ਰਾਪਤੀ ਦੌਰਾਨ ਹੋਏ
ਆਪਣੇ ਇਸ ਵਿਕਾਸ 'ਤੇ
ਜਿਹੜਾ ਕਦੇ ਫ਼ਲਦਾ
ਤੇ ਕਦੇ ਰੁਲ਼ਦਾ ਰਹਿੰਦਾ

ਉਡੀਕ ਦੀਆਂ ਸਰਦਲਾਂ ਤੇ
ਧਰਨਿਆਂ ਤੇ ਹੜਤਾਲਾਂ ਵਿਚਕਾਰ

...ਚਲਦੇ ਰਹਿੰਦੇ, ਇਸੇ ਤਰ੍ਹਾਂ
ਸ਼ਬਦਾਂ ਦੇ ਖੰਭਾਂ 'ਤੇ ਉੱਡ ਰਹੇ
ਵਾਦ੍ਹਿਆਂ ਦੇ ਅੰਬਾਰਾਂ
ਅਪਣੱਤ, ਖ਼ੁਸ਼ਹਾਲੀ ਤੇ ਵਿਕਾਸ ਸਮੇਤ
ਸਾਡੇ ਆਮ ਲੋਕਾਂ ਦੇ ਸਫ਼ਰ
ਆਪਣੇ ਪੈਰਾਂ ਹੇਠੋਂ
ਖਿਸਕ ਰਹੀ
ਧਰਤੀ 'ਤੇ ਖਲੋਤਿਆਂ

•



## ਲਾਲ ਦੁਪੱਟਾ ਮਲਮਲ ਦਾ

ਉੱਨੀ ਸੌ ਸੰਤਾਲੀ
ਆਜ਼ਾਦੀ ਮਿਲੀ
ਟਿਕ ਟਿਕਾ ਹੋਇਆ
ਇਕ ਗੀਤ ਲਹਿਰਨ ਲੱਗਾ—
"ਹਵਾ 'ਚ ਉੱਡਦਾ ਜਾਏ
ਮੇਰਾ ਲਾਲ ਦੁਪੱਟਾ ਮਲਮਲ ਦਾ"

ਇਹ ਗੀਤ ਸੁਣ ਕੇ ਲੋਕਾਂ ਨੂੰ ਜਾਪਦਾ ਸੀ
ਹੁਣ ਆਜ਼ਾਦੀ ਪਿੱਛੋਂ
ਅਸੀਂ ਹੀ ਹਾਂ
ਇਹ ਲਾਲ ਦੁਪੱਟਾ
ਜਿਸ ਨੇ ਲਹਿਰਨਾ ਹੈ ਆਜ਼ਾਦ ਹਵਾ ਵਿਚ

ਦਹਾਕੇ ਬੀਤੇ...
ਲਾਲਾ ਦੁਪੱਟੇ ਵਾਲੇ ਸੁਪਨੇ ਦੀ ਥਾਂ
ਸੱਤਾ ਦੇ ਡੰਡੇ ਦੇ ਲੱਗੀਆਂ
ਹੁਕਮਾਂ ਦੀਆਂ ਕੁੰਡੀਆਂ ਨਾਲ ਲਟਕਦਾ
ਰੰਗ ਉੱਡਿਆ ਪੜਦਾ ਜਿਹਾ ਹੈ
ਹਾਲਾਤ ਦੀ ਹਵਾ ਵਿਚ, ਏਨਾ ਕੁ ਉੱਡਦਾ
ਜਿੰਨਾ ਕੁ ਹਿੱਲਣ ਦੇਂਦੀਆਂ ਕੁੰਡੀਆਂ

ਧਿਆਨ ਰੱਖਦੀ
ਪੜ੍ਹਦੇ ਪਿੱਛੇ ਬੈਠੀ ਸੱਤਾ
ਕਿੰਨਾ ਕੁ ਉੱਡਣ ਦੇਣਾ ਹੈ
ਲਾਲ ਦੁਪੱਟੇ ਵਾਲਾ ਗੀਤ
ਮਨ ਵਿਚ ਰੱਖੀ ਬੈਠੇ ਚੀਥੜੇ ਨੂੰ

•

## ਅਸੀਸਾਂ

ਬਚਪਨ ਦੇ ਦਿਨੀਂ
ਕੋਈ ਵੱਡ ਵਡੇਰਾ ਆ ਜਾਂਦਾ
ਪ੍ਰਾਹੁਣਾ ਬਣ ਕੇ
ਚਾਅ ਨਾਲ ਮਿਲਦੇ ਸਾਰੇ ਭੈਣ ਭਰਾ
ਬੜੀਆਂ ਅਸੀਸਾਂ ਮਿਲਦੀਆਂ

ਮੁੰਡਿਆਂ ਨੂੰ ਕਹਿੰਦੇ—
'ਜਿਉਂਦਾ ਰਹੁ, ਤਰੱਕੀਆਂ ਕਰ'
ਕੁੜੀਆਂ ਨੂੰ ਕਹਿੰਦੇ—
'ਰਾਜੀ ਏਂ ਮਰਨੀਏਂ ?
ਸਿਆਣੀ ਬਣ ਕੇ ਰਿਹਾ ਕਰ'

ਕੁਝ ਵੱਡੇ ਹੁੰਦੇ
ਵੱਡੀਆਂ ਹੁੰਦੀਆਂ ਅਸੀਸਾਂ
ਤੇ ਸਲਾਹਾਂ ਬਣਨ ਲੱਗਦੀਆਂ
'ਤਕੜਾ ਹੋ ਪੁੱਤਰਾ, ਅਫ਼ਸਰ ਬਣਨਾ ਏਂ ਤੂੰ !'
'ਘਰ ਦਾ ਕੰਮ ਕਰਦੀ ਏਂ ਨਾ ਧੀਏ
ਸੁਖ ਦਿਆ ਕਰ ਮਾਂ ਨੂੰ'

ਕੁਝ ਹੋਰ ਵਰ੍ਹੇ ਲੰਘਦੇ—
'ਮਾਪਿਆਂ ਦਾ ਨਾਂ ਰੌਸ਼ਨ ਕਰੀਂ ਜੁਆਨਾ'
'ਕੁੜੀਏ ਧਿਆਨ ਨਾਲ ਕੰਮ ਸਿੱਖ
ਉਲ੍ਹਾਮਾਂ ਨਾ ਆਵੇ ਕੋਈ ਸਹੁਰਿਆਂ ਵੱਲੋਂ'


ਕੁਝ ਹੋਰ ਰੂਪ ਬਦਲਦੀਆਂ
ਸ਼ੁੱਧ ਸਮਝੌਤੀਆਂ ਬਣ ਜਾਂਦੀਆਂ ਅਸੀਸਾਂ...

'ਵਹੁਟੀ ਨੂੰ ਕਾਬੂ ਰੱਖਿਆ ਕਰ ਪੁੱਤਰਾ!
ਸਿਰ ਨਾ ਚੜ੍ਹਾ ਬਹੀਂ ਬਹੁਤਾ'

‘ਸਿਆਣੀ ਬਣ ਕੇ ਕੱਟ ਲਾ ਧੀਏ
ਜਿਹੋ ਜਿਹੇ ਚੰਗੇ ਮਾੜੇ ਹੈਗੇ ਨੇ
ਓਹੋ ਆ ਤੇਰਾ ਘਰ ਹੁਣ
ਮੂੰਹ ਨਾ ਕਾਲ਼ਾ ਕਰਾਵੀਂ ਸਾਡਾ’!

ਮੁੰਡੇ ਅਸੀਸਾਂ ਤੇ ਸਮਝੌਤੀਆਂ ਦੇ
ਬੋਲ ਪੁਗਾਉਂਦੇ ਜਾਂ ਨਾ
ਕੁੜੀਆਂ ਮਾਪਿਆਂ ਦੇ ਮੂੰਹ ਦੀ
ਕਲਪਿਤ ਕਾਲਖ ਓਹਲੇ
ਬੈਠੀਆਂ ਅਸੀਸਾਂ ਨਿਭਾਉਂਦੀਆਂ
ਨਿਭ ਜਾਂਦੀਆਂ ਰਹੀਆਂ

•



## ਨਵਾਂ ਦੇਵਤਾ

ਫੈਲ ਕੇ ਪਲ ਪਲ
ਫਟ ਰਹੀ ਹੈ ਜਾਗਰੂਕਤਾ
ਮੀਡੀਆ ਦੇਵਤੇ ਦੀ ਯੰਤਰਿਕ ਸ਼ਕਤੀ ਨਾਲ
ਸਰਬ ਕਲਾ ਸਮਰੱਥ ਇਹ ਦੇਵਤਾ
ਜਾਣਦਾ ਏ ਸਾਰਾ ਹੀ ਕੁਝ
ਸਭ ਬਾਰੇ ਤੇ ਸਭ ਕੁਝ ਬਾਰੇ

ਇਹ ਵੀ ਜਾਣਦਾ ਉਹ
ਕਿ ਕਿਸ ਨੂੰ ਤੇ ਕਿਸ ਬਾਰੇ
ਕਿਸਦੇ ਹੱਕ ਵਿਚ, ਕਿਸ ਦੇ ਵਿਰੋਧ ਵਿਚ
ਕਿਸ ਤਰੀਕੇ ਨਾਲ, ਕਦੋਂ ਤੇ ਕਿੰਨਾ
ਹੌਲੀ ਜਾਂ ਉੱਚੀ, ਸਿੱਧਾ ਜਾਂ ਟੇਢਾ
ਕੀ ਕਿਹਾ ਜਾਣਾ ਹੈ ਤੇ ਕਿਵੇਂ
ਕਿਸ ਨੂੰ ਚੁੱਕਣਾ ਹੈ ਤੇ ਸੁੱਟਣਾ ਕਿਸ ਨੂੰ

ਮੀਡੀਆ ਦਾ ਸਰਬ ਸ਼ਕਤੀਮਾਨ ਦੇਵ
ਸਾਕਾਰ ਕਰ ਸਕਦਾ ਏ
ਦੁਨੀਆਂ ਦੇ ਕਿਸੇ ਵੀ ਹਿੱਸੇ ਦੀ
ਲੜਾਈ ਦੇ ਦਿਲ ਕੰਬਾਊ ਦ੍ਰਿਸ਼
ਤੇ ਦਹਿਲਾ ਸਕਦਾ ਏ ਲੋਕਾਂ ਦੇ ਦਿਲ
ਇਸ ਦੀ ਭਿਆਨਕਤਾ ਤੇ ਖਦਸ਼ੇ ਦੱਸ ਕੇ
ਫਿਰ ਕਿਸੇ ਵੀ ਪਲ
ਸਨਸਨੀਖੇਜ਼ ਸਥਾਨਕ ਸੁਰਖ਼ੀਆਂ ਖ਼ਾਤਰ
ਲਪੇਟ ਕੇ ਲੜਾਈ ਦੇ ਪੰਨੇ
ਰੱਖ ਸਕਦਾ ਏ ਖ਼ਬਰਾਂ ਦੇ ਸ਼ੈਲਫ ਤੋਂ ਚੁੱਕ
ਕਿਸੇ ਹਨੇਰੇ ਖ਼ਾਨੇ ਵਿਚ
ਉਹ ਮਸਲਾ ਠੰਢਾ ਪੈਣ 'ਤੇ

ਕੱਢ ਸਕਦਾ ਏ ਜੰਗ ਨੂੰ ਬਾਹਰ ਫਿਰ
ਉਸ ਦੇ ਧਮਾਕਿਆਂ, ਢਠਵਾੜ ਦੀਆਂ
ਤਸਵੀਰਾਂ ਤੇ ਟਿੱਪਣੀਆਂ ਸਮੇਤ

ਲੋਕਾਂ ਨੂੰ ਰੁਝਾਈ ਰੱਖਣ ਦੇ
ਤਰੀਕੇ ਹੀ ਨਹੀਂ ਜਾਣਦਾ ਇਹ
ਇਹ ਵੀ ਜਾਣਦਾ...
ਕਿਹੜੇ ਵੇਲੇ
ਕਿਹੜੇ ਤਰੀਕੇ ਨਾਲ
ਕਿਧਰ ਤੇ ਕਿੰਨਾ ਮੋੜਨਾ ਹੈ
ਲੋਕਾਂ ਦੀ ਸੋਚ ਅਤੇ ਝੁਕਾਅ ਨੂੰ
ਕਿਸ ਰੰਗ ਰੂਪ, ਕਿਹੜੀ ਤਰੰਗ ਲੰਬਾਈ
ਕਿਹੜੇ ਚਿਲਕਵੇਂਪਨ ਦੀਆਂ
ਤਰੰਗਾਂ ਭੇਜ ਕੇ
ਤਾਂ ਜੋ ਲੋਕ ਸੋਚਣ ਉਹੋ ਕੁਝ
ਖਰੀਦਣ, ਵਰਤਣ, ਛੱਡਣ, ਫੜਨ
ਤੇ ਕਰਨ ਉਹੋ ਹੀ ਕੁਝ
ਜੋ ਚਾਹੁੰਦਾ ਹੋਵੇ ਇਹ
ਤੇ ਚਾਹੁੰਦੀ ਹੋਵੇ ਸੱਤਾ
...ਤੇ ਹੋ ਰਿਹਾ ਹੈ ਇਹ...
ਸ਼ੱਕ ਹੋਵੇ...
ਤਾਂ ਵਾਚਿਆ ਜਾ ਸਕਦਾ
ਮਿਥਿਹਾਸ ਦਾ ਇਤਿਹਾਸ

•

# ਸਮੇਂ ਦੀ ਜੂਨ

ਬਚਪਨ ਵਿਚ ਸੁਣਿਆ ਸੀ
ਇਟਲੀ ਦੇ ਚਿਤਰਕਾਰ ਦੀ ਬਣਾਈ
ਸਮੇਂ ਦੀ ਤਸਵੀਰ ਬਾਰੇ
ਦੌੜਿਆ ਜਾ ਰਿਹਾ ਹੈ, ਜਿਸ ਵਿਚ
ਵਾਹੋ-ਦਾਹੀ ਸਮਾਂ
ਇਕ ਵਸਤਰਹੀਣ ਆਕਾਰ
ਵਾਲ਼ ਹਨ ਥੋੜ੍ਹੇ ਜਿਹੇ
ਉਸਦੇ ਸਿਰ ਦੇ ਅਗਲੇ ਪਾਸੇ
ਯਾਨੀ, ਫੜਨਾ ਹੈ ਉਸ ਨੂੰ
ਤਾਂ ਦੌੜਨਾ ਹੈ ਉਸ ਤੋਂ ਵੀ ਤੇਜ਼

ਅਸੀਂ ਦੌੜ ਪਏ ਫਿਰ, ਤੇਜ਼, ਹੋਰ ਤੇਜ਼
ਵਾਲ ਫੜ ਕੇ, ਕਾਬੂ ਕਰਨ ਸਮੇਂ ਨੂੰ
ਪਰ...ਉਸਨੇ ਫੜ ਲਏ ਉਸਨੇ ਸਾਡੇ ਹੀ ਵਾਲ
ਉਤਰ ਗਿਆ ਅੰਦਰ ਸਾਡੇ
ਸਾਨੂੰ ਆਪਣੀ ਜੂਨੇ ਪਾ ਕੇ

ਧੂਹੇ ਜਾ ਰਹੇ ਹਾਂ, ਨਿਰੰਤਰ...ਹੁਣ
ਬਾਜ਼ਾਰ ਦੇ ਇਸ਼ਾਰਿਆਂ 'ਤੇ
ਪਹਿਲਾਂ ਤੋਂ ਵੀ ਤੇਜ਼
ਨੌਕਰ ਜੋ ਹੈ ਸਮਾਂ, ਬਾਜ਼ਾਰ ਦਾ ਹੁਣ

ਦੌੜੇ ਜਾ ਰਹੇ ਨੇ ਕਲਬੂਤ ਸਾਡੇ
ਸਮੇਂ ਦੀ ਜੂਨ ਪੈ ਕੇ ਤੇਜ਼, ਹੋਰ ਤੇਜ਼
ਹੋਰ ਤੇਜ਼...ਵਾਹੋ-ਦਾਹੀ

•

# ਹੁਕਮਰਾਨ

ਮਹਾਨ ਪਰੰਪਰਾਵਾਂ ਵਾਲੇ ਦੇਸ਼ ਵਿਚ
ਵਿਸ਼ਾਲ ਸੈਨਾਵਾਂ ਹੁੰਦੀਆਂ ਹਨ
ਔਖੇ, ਭਾਰੇ, ਜ਼ੋਖ਼ਮ ਭਰੇ ਕਾਰਜ ਕਰਨ
ਰਾਜ ਤੇ ਰਾਜਿਆਂ ਦੀ ਰੱਖਿਆ ਕਰਨ
ਤੇ ਹੁਕਮ ਵਜਾਉਣ ਵਾਸਤੇ

ਕੁਝ ਸੈਨਿਕ ਹਥਿਆਰਾਂ ਨਾਲ
ਕੁਝ ਕਈ ਸੰਦਾਂ ਨਾਲ
ਮਿਹਨਤ ਮਜ਼ਦੂਰੀ ਕਰਦਿਆਂ
ਲੜਦੇ ਭੁੱਖ ਦੇ ਖਿਲਾਫ਼ ਲੜਾਈਆਂ

ਸਮੁੰਦਰ ’ਤੇ ਪੁਲ ਬਣਾਉਣਾ ਹੋਵੇ
ਤਾਜ ਮਹਿਲ ਉਸਾਰਣਾ ਹੋਵੇ
ਸ਼ਹਿਰ ਉਸਾਰਣੇ ਹੋਣ
ਜਾਂ ਕੁਝ ਹੋਰ ਹੋਵੇ ਇਹੋ ਜਿਹਾ
ਉਹ ਹਾਜ਼ਰ ਨਾਜ਼ਰ ਰਹਿੰਦੇ

ਸੈਨਿਕ ਬਾਂਦਰ ਵੀ ਹੋ ਸਕਦੇ ਨੇ
ਹਾਥੀ ਵੀ ਹੋ ਸਕਦੇ ਨੇ
ਘੋੜੇ ਵੀ ਹੋ ਸਕਦੇ ਨੇ
ਤੇ ਬੰਦੇ ਵੀ ਹੋ ਸਕਦੇ ਨੇ

ਸੈਨਿਕਾਂ ਦੀ ਗਿਣਤੀ ਹੁੰਦੀ ਏ
ਇਕ ਦੋ ਤਿੰਨ ਤੋਂ ਹਜ਼ਾਰਾਂ ਲੱਖਾਂ
ਉਨ੍ਹਾਂ ਦੇ ਨਾਵਾਂ ਆਦਿ ਦਾ
ਕੋਈ ਵਿਧੀ ਵਿਧਾਨ ਜ਼ਰੂਰੀ ਨਹੀਂ ਹੁੰਦਾ
ਇਤਿਹਾਸ ਨੂੰ ਪਤਾ ਵੀ ਨਹੀਂ ਹੁੰਦੇ
ਨਾਂ ਥਾਂ ਤੇ ਟਿਕਾਣੇ ਉਨ੍ਹਾਂ ਦੇ

ਜੋ ਉਸ ਨੂੰ ਘੜਦਿਆਂ
ਉਸੇ ਦੀਆਂ ਨੀਂਹਾਂ ਵਿਚ
ਚੁੱਪ ਚਾਪ ਚਿਣੇ ਜਾ ਚੁੱਕੇ ਹੁੰਦੇ ਨੇ

ਦਿੱਤਾ ਗਿਆ ਕਾਰਜ ਪੂਰਾ ਕਰਨ ਪਿੱਛੋਂ
ਨਿਕਲ ਜਾਣਾ ਹੁੰਦਾ ਏ ਉਨ੍ਹਾਂ ਨੇ ਅਛੋਪਲੇ ਹੀ
ਜਿੱਤ ਦੇ ਮੈਦਾਨਾਂ ਤੇ ਮਹਿਲ ਮੁਨਾਰਿਆਂ ਵਿਚੋਂ

ਜਦ ਕਦੇ ਨਿਕਲ ਤੁਰਦੇ ਨੇ ਉਹ
ਹੁਕਮਾਂ ਦੇ ਖੇਤਰ ਤੋਂ ਬਾਹਰ
ਕਸੂਰਵਾਰ ਬਣ ਜਾਂਦੇ ਨੇ ਉਦੋਂ
ਜਿਵੇਂ ਰਾਜਧਾਨੀਓਂ ਨਿਕਲ ਪਏ ਉਹ
ਕਰੋਨਾ ਸੰਕਟ ਦੇ ਦਿਨੀਂ
ਪੈਦਲ, ਫਟੇ ਹਾਲ...
ਤੇ ਭੁਗਤੀ ਸਜ਼ਾ ਵੀ ਮਨਮਰਜ਼ੀ ਕਰਨ ਦੀ
ਪਰ ਸੈਨਿਕ ਵੀ ਕੀ ਕਰਨ...!

ਅਜਿਹੇ ਪਲੀਂ ਉਨ੍ਹਾਂ ਤੋਂ ਵੱਧ ਕੌਣ ਜਾਣਦਾ...
ਕਿ ਤਖ਼ਤਾਂ ਤਾਜਾਂ ਤੇ ਰਾਜਿਆਂ, ਮਹਾਰਾਜਿਆਂ ਨਾਲੋਂ
ਕਿਤੇ ਵੱਡੀ ਹੁਕਮਰਾਨ ਹੁੰਦੀ ਏ ਭੁੱਖ

•

## ਵਾਪਸੀ

ਆ ਗਈਆਂ ਨੇ ਪਿੰਡ ਵਾਪਸ
ਕੜੀ ਵਰਗੇ ਜੁਆਨਾਂ ਦੀਆਂ ਦੇਹਾਂ
ਉਸੇ ਕੌਮੀ ਝੰਡੇ ਵਿਚ ਲਿਪਟ ਕੇ
ਜਿਸ ਦੇ ਸਨਮਾਨ ਖ਼ਾਤਰ
ਕੁਰਬਾਨ ਹੋਏ ਉਹ

ਪੂਰੇ ਕੌਮੀ ਸਨਮਾਨ ਨਾਲ
ਹੋਈਆਂ ਨੇ ਉਨ੍ਹਾਂ ਦੀਆਂ ਅੰਤਮ ਰਸਮਾਂ
ਜੋ ਤੁਰੇ ਸਨ ਘਰਾਂ ਤੋਂ
ਪਰਿਵਾਰ ਲਈ ਰੋਟੀ ਕਮਾ ਕੇ
ਸਨਮਾਨ ਦੀਆਂ ਜ਼ਿੰਦਗੀਆਂ ਜੀਣ ਲਈ

ਅਜੀਬ ਵਾਪਸੀ ਹੈ
ਸਨਮਾਨ ਦੇ ਤਾਲਮੇਲਾਂ ਦੀ!

•

## ਡਰ

ਬਚਪਨ ਵਿਚ
ਸਾਨੂੰ ਸਮਝਾਇਆ ਗਿਆ
ਤੇ ਸਮਝਿਆ ਗਿਆ ਸੀ
ਜੋ ਧਰਮ ਦਾ ਅਰਥ...
ਗ਼ਲਤ ਕੰਮਾਂ ਤੋਂ ਡਰਨਾ
ਦੂਜਿਆਂ ਧਰਮਾਂ ਦੀਆਂ
ਸਖੀਆਂ ਸਹੇਲੀਆਂ
ਆਂਢੀਆਂ ਗੁਆਂਢੀਆਂ ਨੂੰ
ਇਸ ਤਰ੍ਹਾਂ ਮੰਨਣਾ
ਸਹਿਜ ਸੁਭਾਅ
ਜਿਵੇਂ ਮੰਨਦਾ ਏ ਕਿਆਰੀ ਵਿਚ
ਲੱਗਾ ਇਕ ਕਿਸਮ ਦਾ ਫੁੱਲ
ਨੇੜੇ ਖਿੜੇ
ਕਿਸੇ ਕਿਸੇ ਹੋਰ ਕਿਸਮ ਦੇ ਫੁੱਲ ਨੂੰ
ਸਵੀਕਾਰ ਕਰਦੇ ਨੇ ਜਿਸ ਤਰ੍ਹਾਂ
ਕੋਈ ਫ਼ਸਲ ਤੇ ਉਸ ਵਿਚ ਉੱਗਿਆ
ਘਾਹ ਬੂਟ ਇਕ ਦੂਜੇ ਨੂੰ

ਅਸੀਂ ਪੜ੍ਹੇ ਜਾਂ ਨਾ ਪੜ੍ਹੇ
ਪਰ ਕੜ੍ਹਦੇ ਬਹੁਤ ਗਏ
ਤੇ ਬਦਲ ਕੇ ਰੰਗ ਰੂਪ
ਦੜ੍ਹ ਗਏ ਧਰਮਾਂ ਦੇ ਲਿਬਾਸਾਂ ਅੰਦਰ

ਕਿਸੇ ਕਤਲ ਬਾਰੇ ਸੁਣ ਕੇ ਹੁਣ
ਸਵਾਲ ਉੱਠਦਾ ਮਨ ਵਿਚ ਸਭ ਤੋਂ ਪਹਿਲਾਂ
ਕਿਸ ਧਰਮ ਦਾ ਸੀ ਕਤਲ ਹੋਣ ਵਾਲਾ ?
ਕਿਸ ਧਰਮ ਦਾ ਸੀ ਕਤਲ ਕਰਨ ਵਾਲਾ ?

ਅਰਦਾਸ ਕਰਦੇ ਮਨ ਵਿਚ
ਕਾਤਲ ਤੇ ਕਤਲ ਹੋਣ ਵਾਲਾ
ਸਾਡੇ ਧਰਮਾਂ ਵਾਲੇ ਨਾ ਹੋਣ ਕਿਤੇ


ਜੇ ਆਪਣੇ ਧਰਮ ਦਾ ਹੋਇਆ ਕਾਤਲ
ਤਾਂ ਉਸਦੇ ਧਰਮ ਵਾਲੇ ਸਾਰੇ
ਗਰਦਾਨੇ ਜਾਣਗੇ ਦੋਸ਼ੀ
ਸਾਰੇ ਦੇਸ਼ ਵਿਚ
ਘਰੀਂ ਬੈਠੇ ਬੈਠੇ ਵੀ
ਤੇ ਕਤਲ ਹੋਣ ਵਾਲੇ ਦੇ ਲੋਕ
ਅਗਨ ਸ਼ਸਤਰ ਬਣ ਕੇ
ਨਿਕਲ ਜਾਣਗੇ ਬਾਹਰ
ਇਨਸਾਨ ਦੀ ਜੂਨ ਵਿਚੋਂ
ਭੁੱਲ ਕੇ ਧਰਮ ਦਾ
"ਮਾਨਸ ਕੀ ਜਾਤ ਸਬ ਏਕੈ ਪਹਿਚਾਨਬੋ"
ਵਾਲਾ ਆਦਿ ਸਬਕ

ਤਰੱਕੀ ਦੇ ਦੌਰ ਵਿਚ
ਸਿੱਧ ਹੋ ਗਿਆ ਹੈ, ਕਿ
ਧਰਮ ਤੇ ਮਾਨਸ ਦੀ ਦੌੜ ਵਿਚ
ਪਿੱਛੇ ਛੁੱਟ ਚੁੱਕਾ ਹੈ ਮਾਨਸ
ਤੇ ਹੁਣ ਉਸ ਦੀ ਪਹਿਚਾਣ ਹੈ
ਧਰਮ ਦਾ ਠੱਪਾ ਹੀ ਬੱਸ...!

ਠੱਪੇ ਦੇ ਰੰਗ 'ਚੋਂ ਨਿਕਲੀ
ਨਫ਼ਰਤੀ ਹਵਾੜ ਉਸਾਰਦੀ ਰਹਿੰਦੀ
ਘੱਲੂਘਾਰੇ, ਚੁਰਾਸੀਆਂ, ਦੰਗੇ, ਕਤਲ

ਤੇ ਅਥਾਹ ਮਾਰ-ਕਾਟ
ਤ੍ਰਬਕਿਆ ਸਹਿਮਿਆ ਮਾਨਵ
ਖੜਾ ਰਹਿੰਦਾ ਪਿੱਛੇ
'ਡਰ' ਬਣ ਗਿਆ ਹੈ ਧਰਮ
ਤੇ ਧਰਮ ਬਣ ਗਿਆ ਹੈ ਡਰ

•



## ਪਾਰਸ

ਕੁਝ ਚੇਤੇ ਦੂਰ ਤਕ
ਨਾਲ਼ ਨਾਲ਼ ਤੁਰਦੇ ਰਹੇ
ਪਿਆਰ ਦੀ ਉਂਗਲ ਫੜੀ

ਪਿਆਰ ਦੀਆਂ ਕੁਝ ਜੇਬਾਂ ਵਿਚ
ਬਹੁਤ ਸਾਰੀ ਮਿਠਾਸ ਸੀ
ਕੁਝ ਵਿਚ ਚੋਭਾਂ, ਜ਼ਖ਼ਮ
ਤੇ ਜੰਮਿਆ ਹੋਇਆ ਲਹੂ
ਚੋਭਾਂ ਦੀ ਪੀੜ ਤੇ ਜੰਮੇ ਲਹੂ 'ਚੋਂ ਰਿਸਦੀ
ਬਹੁਤ ਸਾਰੀ ਉਦਾਸੀ ਨੇ
ਬਾਕੀ ਸਾਰੇ ਤੰਦ ਤਾਣੇ ਨੂੰ
ਲਪੇਟਿਆ ਪਿਆ ਸੀ
ਘਸਮੈਲੇ ਰੰਗ ਵਿਚ

ਸਫ਼ਰ ਦਰ ਸਫ਼ਰ
ਪਿਆਰ ਰਿਸਦਾ ਫੁੱਟਦਾ
ਭਰਦਾ ਰਿਹਾ ਸਾਰੇ ਤੰਦ ਤਾਣੇ ਵਿਚ
ਸਫ਼ਰ ਦੇ ਇਕ ਪੜਾਅ ਤੇ ਜੇਬਾਂ ਫੋਲੀਆਂ

ਸਾਰੇ ਕਿਤੇ ਚੜ੍ਹਿਆ ਪਿਆ ਸੀ
ਪਿਆਰ ਦਾ ਸੁਨਹਿਰੀ ਰੰਗ

•

## ਨਾ ਭਈ ਵਾਸਤੂ !

ਬੜੇ ਨਵੇਂ ਨਵੇਂ ਨੁਕਤੇ ਦੱਸੇ
ਜੀਣ ਦੇ ਸਾਨੂੰ ਤੂੰ, ਵਾਸਤੂ !
ਜਿਵੇਂ ਸਮਝਾਇਆ...
ਕਿ ਫਟੇ, ਖੁੰਘੀਆਂ ਵਾਲੇ, ਉੱਧੜੇ
ਤੇ ਰਫੂ ਕੀਤੇ ਕਪੜੇ ਨਹੀਂ ਪਾਉਣੇ
ਨਹੀਂ ਵਰਤਣੀਆਂ ਟੁੱਟੀਆਂ ਤ੍ਰੇੜੀਆਂ ਚੀਜ਼ਾਂ
ਵਰਤਣਾ ਹੈ ਸਿਰਫ਼
ਨਵਾਂ ਨਕੋਰ ਤੇ ਸਾਬਤ ਸਬੂਤ ਹੀ ਸਭ ਕੁਝ
ਖ਼ੁਦ ਨੂੰ ਵੀ ਰੱਖਣਾ ਤੇ ਕਰਨਾ ਹੈ ਪੇਸ਼
ਬਣਿਆਂ ਫੱਬਿਆ ਹੀ ਸਦਾ

ਪਰ ਕਰੀਏ ਕੀ...?
ਟੁੱਟਦੀਆਂ ਰਹਿੰਦੀਆਂ ਨੇ ਹਮੇਸ਼ਾਂ
ਭਾਵਨਾਵਾਂ, ਆਸਾਂ ਤੇ ਉਮੀਦਾਂ
ਤਿੜਕਦੇ ਰਹਿੰਦੇ ਨੇ ਤੰਦ ਰਿਸ਼ਤਿਆਂ ਦੇ
ਜ਼ਖ਼ਮੀ ਹੁੰਦੀ ਏ ਸੁਹਿਰਦਤਾ
ਤੇ ਅਪਣੱਤ ਤਾਂ ਰਹਿੰਦੀ ਹੀ ਸ਼ੱਕੀ ਸਦਾ
ਡੁੱਲ੍ਹ ਕੇ ਰੁੜ੍ਹ ਜਾਂਦਾ ਏ ਕਿਤੇ
ਵਰਸਾਇਆ ਗਿਆ ਮੋਹ, ਹਰ ਵਾਰ

ਸਾਂਭਦੇ ਤੇ ਜੋੜਨ ਦੀ
ਕੋਸ਼ਿਸ਼ ਵੀ ਕਰਦੇ ਰਹਿੰਦੇ ਹਾਂ
ਭਾਵਨਾਵਾਂ ਤੇ ਆਸਾਂ ਉਮੀਦਾਂ
ਤੋਪੇ ਲਾਉਂਦੇ ਰਹਿੰਦੇ ਹਾਂ ਹੌਂਸਲੇ ਦੇ
ਆਪਣੀ ਸੁਹਿਰਦਤਾ ਨੂੰ
ਰਫ਼ੂ ਕਰਦੇ ਰਹਿੰਦੇ ਹਾਂ ਰਿਸ਼ਤਿਆਂ ਨੂੰ
ਤੇ ਹਰ ਵਾਰ ਕਰਨੀ ਪੈਂਦੀ ਏ

ਆਪਣੇ ਫਟੇ ਆਪੇ ਦੀ
ਆਪੇ ਤੁਰਪਾਈ, ਇਸ ਹੱਦ ਤੱਕ...
ਕਿ ਟਾਕੀਆਂ, ਤੋਪਿਆਂ, ਜੋੜਾਂ
ਤੇ ਰਫ਼ੂ ਦੇ ਹੀ ਬਣੇ ਰਹਿ ਜਾਂਦੇ ਹਾਂ ਅਸੀਂ...

ਰਿਸ਼ਤੇ ਰਫ਼ੂ ਨਾ ਕਰੀਏ
ਆਪਣੇ ਪਾਟੇ ਕਿਨਾਰਿਆਂ ਦੀ ਤੁਰਪਾਈ ਨਾ ਕਰੀਏ
ਸੁਹਿਰਦਤਾ ਤੇ ਸੱਟਾਂ ਤੇ ਜ਼ਖ਼ਮਾਂ ਨੂੰ
ਹੌਂਸਲੇ ਦੇ ਤੋਪੇ ਨਾ ਲਾਈਏ
ਆਪਣੇ ਮਘੋਰਿਆਂ ਤੇ ਟਾਕੀਆਂ ਨਾ ਲਾਈਏ
ਤਾਂ ਭਟਕਦੇ ਰਹਿਣਗੇ ਸਾਹ ਸਾਡੇ
ਇਨ੍ਹਾਂ ਮੋਰੀਆਂ ਮਘੋਰਿਆਂ ਵਿਚਕਾਰ
ਜੀਵਾਂਗੇ ਕਿਸ ਤਰ੍ਹਾਂ ਫਿਰ?

ਸੋ, ਨਹੀਂ ਹੋਣਾ ਸਾਥੋਂ ਅਮਲ
ਤੇਰੀਆਂ ਸਲੀਕੇਦਾਰ ਹਦਾਇਤਾਂ ’ਤੇ
ਕਦੇ ਵੀ ਨਹੀਂ...

ਨਾ ਭਈ ਵਾਸਤੂ...!

•

## ਜ਼ਿੰਦਗੀ ਦਾ ਨਾਦ

ਕਿੰਨੀਆਂ ਸਾਰੀਆਂ ਆਵਾਜ਼ਾਂ ਨੇ ਅੰਦਰ
ਵੇਲ਼ੇ ਕੁਵੇਲੇ ਠਹਿਰੀਆਂ ਪਈਆਂ
ਆਪਣੀ ਆਪਣੀ ਤਾਨ ਸਮੇਤ

ਕੁਝ ਨਿੰਮ੍ਹੀ ਗੁਣਗੁਣਾਹਟ ਵਰਗੀਆਂ
ਕੁਝ ਸੁਨੇਹੇ ਦੀ ਆਹਟ ਵਰਗੀਆਂ
ਕੁਝ ਉਚੜੇ ਜ਼ਖ਼ਮਾਂ ਦੀ
ਬੁੱਲ੍ਹ ਮੀਟੀ ਪੀੜ ਵਰਗੀਆਂ

ਕੁਝ ਆਪਣੇ ਅੰਦਰ
ਆਪਣੀ ਹੀ ਭੀੜ ਵਰਗੀਆਂ
ਸੀਤੇ ਜ਼ਖ਼ਮਾਂ ਹੇਠ
ਸੁਲਗਦੀ ਚੀਸ ਵਰਗੀਆਂ

ਕੁਝ ਆਪਣੀ ਜ਼ਿਦ ਨੂੰ ਦਿੱਤੇ
ਆਪਣੇ ਸੀਸ ਵਰਗੀਆਂ

ਕੁਝ ਆਪਣੀ ਹੀ ਤਪਸ਼ ਨਾਲ
ਪਿਘਲਣ ਵਰਗੀਆਂ
ਕੁਝ ਨਾਬਰੀ ਕਾਰਨ ਮਿਲੀ
ਤੇ ਸਾਂਭੀ ਪੀੜ ਨੂੰ
ਰਗ਼ਾਂ ਵਿਚ ਦੇਰ ਤੱਕ ਸਾਂਭ ਕੇ
ਅੰਦਰ ਨਿਗਲਣ ਵਰਗੀਆਂ
ਸਭ ਕੁਝ ਪਿਆ ਅੰਦਰ

ਉਸ ਨੂੰ ਸਾਹਾਂ ਵਿਚ ਪਰੋ ਕੇ
ਇਕ ਨਾਦ ਸਿਰਜਣ ਦੀ
ਕੋਸ਼ਿਸ਼ ਵਿਚ ਹਾਂ ਅੱਜ ਕੱਲ੍ਹ

ਕੋਈ ਨਾਦ ਨਹੀਂ ਬਣਦਾ
ਪੀੜ ਤੇ ਦੁੱਖ ਤੋਂ ਬਿਨਾਂ

ਪਰ ਇਸ ਸਭ ਕੁਝ ਤੋਂ ਬਿਨ
ਬਣ ਵੀ ਕਿੰਜ ਸਕਦਾ ਹੈ ਨਾਦ!

ਖ਼ਾਸ ਕਰ ਕੇ, ਜਦ ਉਹ ਹੋਵੇ
ਜ਼ਿੰਦਗੀ ਦਾ ਨਾਦ!

•



## ਮਾਂ ਬੋਲੀ ਦੀ ਸੇਵਾ

ਕੋਈ ਕਵਿਤਾ ਕਹਾਣੀ ਜਾਂ ਲੇਖ ਲਿਖਣ ਪਿੱਛੋਂ
ਸਿਰ ਚੁੱਕਦਾ ਏ ਅੰਦਰੋਂ ਮਾਣ
ਕਿੰਨੀ ਸੇਵਾ ਕਰ ਰਿਹਾ ਹਾਂ
ਮਾਂ ਬੋਲੀ ਦੀ ਮੈਂ

ਬੋਲੀ ਦੇ ਸ਼ਬਦਾਂ, ਅਰਥਾਂ
ਰੰਗਾਂ ਤਰੰਗਾਂ ਨੂੰ ਵਰਤਦੇ
ਧੁਨੀਆਂ ਤੇ ਤਰਜ਼ਾਂ 'ਤੇ ਲਹਿਰਦੇ
ਸਾਹਾਂ ਤੇ ਮਹਿਕ ਨੂੰ ਪਰੋ ਕੇ
ਬੁਣਦੇ ਆਪਣੇ ਤੇ ਆਪਣਿਆਂ ਦੇ
ਦੁੱਖ ਦਰਦ ਤੇ ਚੀਸਾਂ
ਮਿਲਣੀਆਂ, ਵਿਛੋੜੇ, ਝੋਰੇ
ਤੇ ਕਈ ਕੁਝ ਹੋਰ
ਆਪਣੇ ਹੀ ਅਹਿਸਾਸਾਂ ਵਿਚ ਗੁੰਨ੍ਹ ਕੇ
ਆਪਣੇ ਹੀ ਤਰੀਕੇ ਨਾਲ
ਆਪਣੀ ਮਰਜ਼ੀ ਦੇ ਅੱਖਰ ਚੁਣ ਕੇ
ਮਾਂ ਬੋਲੀ ਦੀ ਝੋਲ ਵਿਚਲੇ
ਉਸੇ ਖ਼ਜ਼ਾਨੇ 'ਚੋਂ
ਜਿਸ ਤੋਂ ਬਿਨਾਂ
ਕਲਪਨਾ ਤੱਕ ਨੂੰ ਵੀ
ਰੂਪ ਨਾ ਦੇ ਸਕੇ ਕੋਈ

ਖਾਵੇ ਕੋਈ ਮਾਂ ਕੋਲੋਂ
ਦੁੱਧ, ਘਿਉ, ਰੋਟੀ ਸਬਜ਼ੀ
ਤੇ ਹੋਰ ਨਿੱਕ ਸੁੱਕ
ਡਿੱਗੇ ਨੂੰ ਚੁੱਕੇ ਮਾਂ
ਰੁੱਸੇ ਨੂੰ ਵਰਾਵੇ

ਕਈ ਲਾਰੇ ਲਾਵੇ
ਸੁਪਨੇ ਵਿਖਾਵੇ
ਤੇ ਮਾਣ ਨਾਲ ਕਹੇ
"ਕਿੰਨੀ ਸੇਵਾ ਕਰ ਰਿਹਾ ਹਾਂ"
ਮਾਂ ਦੀ ਮੈਂ
ਮਾਂ ਦੇ ਕੁੱਛੜ ਬੈਠਾ ਬਾਲ

•

## ਵਿਕਾਸ

ਉਹ ਦਲਾਲ ਸਨ
ਕਈ ਦਹਾਕੇ ਪਹਿਲਾਂ
ਖਰੀਦ ਵੇਚ ਕਰਵਾਉਂਦੇ
ਦੱਸ ਪਾਉਂਦੇ ਕਿਰਾਏ ਦੇ ਮਕਾਨਾਂ ਦੀ
ਚੂੰਢੀ, ਲੱਪ ਕਦੇ ਮੁੱਠੀ ਲੈਂਦੇ ਵਿਚੋਂ

ਫਿਰ ਨਾਵਾਂ ਵਾਲੇ ਬੋਰਡ ਬਦਲੇ
ਤੇ ਉਹ ਕਮਿਸ਼ਨ ਏਜੰਟ ਹੋ ਗਏ

ਫਿਰ ਪ੍ਰਾਪਰਟੀ ਡੀਲਰ ਬਣੇ
ਤੇ ਇਸ ਤੋਂ ਬਾਅਦ
ਰੀਅਲ ਅਸਟੇਟ ਏਜੰਟ ਬਣੇ
ਨਵੇਂ ਬਣਵਾਏ ਬੋਰਡਾਂ ਨਾਲ

ਤੇ ਉਹ ਫਿਰ
ਪ੍ਰਾਪਰਟੀ ਕਨਸਲਟੈਂਟ ਬਣ ਗਏ

ਇਸ ਤਰ੍ਹਾਂ
ਬਹੁਤ ਸਾਰੇ ਖੇਤਰਾਂ ਵਿਚ
ਵਿਕਾਸ ਕਰ ਲਿਆ ਅਸਾਂ

•

## ਬਦਲਾਅ

ਬ੍ਰਹਿਮੰਡ ਤੋਂ ਉੱਤਰਦੀ ਧਰਤੀ ਦੇ
ਨਾਲ ਹੀ ਆ ਗਏ ਸਨ
ਉਥੋਂ ਦੇ ਹੋਰ ਵੀ ਕਈ ਅੰਸ਼...
ਚੰਦ, ਤਾਰੇ, ਖਿੱਚ, ਧਕਾਅ
ਖਲਾਅ ਤੇ ਬਲੈਕ ਹੋਲ ਵੀ

ਇਥੇ ਆ ਕੇ ਭਰਨ ਲੱਗੇ ਸਾਰੇ
ਆਪਣੇ ਆਪਣੇ ਰੰਗ
ਧਰਤੀ ਉਤਲੀ ਜ਼ਿੰਦਗੀ ਵਿਚ

ਮਾਂ ਬਣੀ ਧਰਤੀ ਦਾ
ਪਿਤਾ ਬਣ ਗਿਆ ਸੂਰਜ
ਤਪ, ਬਲ ਕੇ ਦੇਣ ਲੱਗਾ
ਚਾਨਣੇ ਮੋਹ ਦੀ ਰਸਦ
ਜ਼ਿੰਦਗੀ ਦੀ ਸਬਜ਼ ਹਰਿਆਲੀ ਨੂੰ

ਤਾਰੇ ਢਲ਼ ਗਏ
ਉਮੀਦਾਂ ਦੀਆਂ ਤੰਦਾਂ ਵਿਚ

ਚੰਦ ਰੱਖਣ ਲੱਗਾ
ਥੱਕੇ ਦਿਨਾਂ ਪਿੱਛੋਂ
ਜ਼ਿੰਦਗੀ ਦੀਆਂ ਅੱਖਾਂ ’ਤੇ
ਸ਼ਾਂਤ ਚਾਨਣੀ ਦੇ ਸਕੂਨ ਭਰੇ ਫਹੇ
ਤੇ ਰਾਤਾਂ ਦੀਆਂ ਅੱਖਾਂ ਵਿਚ
ਪਾਉਣ ਲੱਗਾ ਚਾਨਣ ਦਾ ਸੁਰਮਾਂ

ਗ੍ਰਹਿ ਲੈ ਬੈਠੇ ਰਿਸ਼ਤਿਆਂ ਦੇ ਚਿਹਰੇ
ਤੇ ਵਿਚ ਵਿਚਾਲੇ ਇਨ੍ਹਾਂ ਦੇ

ਸਰਕਦੇ ਰਹਿਣ ਲੱਗੇ
ਕਿੰਨਾ ਸਾਰਾ ਮੋਹ
ਖਲਾਅ ਤੇ ਧਕਾਅ

ਵਿਸ਼ਾਲ ਕਾਇਆ ਬਲੈਕ ਹੋਲ
ਆਪਣੇ ਅਥਾਹ ਆਕਰਸ਼ਣ
ਅਣਮੁੱਕ ਭੁੱਖ, ਲਾਲਚ
ਤੇ ਬੇਹਿਸਾਬ ਵੱਡੇ ਹਾਜ਼ਮੇ ਸਮੇਤ
ਕਾਰਪੋਰੇਟਾਂ ਦਾ ਰੂਪ ਧਾਰ ਗਏ
ਤੇ ਆਹਰ ਵਿਚ ਨੇ ਹੁਣ
ਸੀਪ ਲੈਣ ਵਾਸਤੇ ਸਭ ਕੁਝ
ਧਰਤੀ ਦਾ, ਧਰਤੀ ਸਮੇਤ

•

## ਜ਼ਿੰਦਗੀ

ਜ਼ਿਦ ਦਾ ਢਾਂਚਾ
ਹਿੰਮਤ ਦੇ ਪੱਠੇ
ਸੋਚ ਦੇ ਅੰਗ
ਨਿਭਾਅ ਦੀ ਚਮੜੀ ਸਮੇਤ
ਸਥਿਰ ਆਕਾਰ ਸੀ ਵਜੂਦ

ਦੁੱਖਾਂ, ਮੁਸ਼ਕਲਾਂ
ਤੇ ਪਰੇਸ਼ਾਨੀਆਂ ਦਾ
ਲਹੂ ਵਹਿਣ ਲੱਗਾ ਅੰਦਰ
ਤਾਂ ਰਵਾਂ ਹੋ ਕੇ
ਜਾਨਦਾਰ ਹੋਇਆ
ਬੇਜਾਨ ਆਕਾਰ
ਬਣਿਆਂ ਜ਼ਿੰਦਗੀ

•

## ਜੰਗ

ਸਮੇਂ ਦੀ ਸਹਿਜਤਾ ਦਾ
ਪੜਦਾ ਪਾੜ ਕੇ
ਕਿਸੇ ਵੇਲੇ ਵੀ ਪਹੁੰਚ ਜਾਂਦੀ ਜੰਗ
ਹੱਸਦੇ ਖੇਡਦੇ ਮਨੁੱਖਾਂ ਵਿਚਕਾਰ

ਆਪਹੁਦਰੇ, ਜ਼ਾਬਰ ਪਰ ਅੰਦਰੋਂ ਡਰੇ
ਜ਼ਿੱਦੀ ਤਾਨਾਸ਼ਾਹਾਂ ਦੀ ਉਤਾਰੀ ਇਹ ਜੰਗ
ਧੜੱਲੇ ਨਾਲ ਮਨਵਾਉਣ ਲੱਗਦੀ
ਆਪਣੇ ਹੁਕਮ ਫਿਰ

ਨਿਰਦੋਸ਼, ਮਨੁੱਖਾਂ ਦੇ ਅਭੋਲ ਸੁਪਨਿਆਂ ’ਤੇ
ਦਹਿਸ਼ਤ ਦੀ ਧੜਧੜਾਹਟ ਬਣ ਕੇ ਡਿੱਗੀ ਜੰਗ
ਉਥੱਲ ਦੇਂਦੀ ਸਾਰੇ ਵਰਤਾਰੇ

ਕਹਿਰ ਬਣ ਕੇ ਵੱਸਦੀ ਏ ਇਹ
ਜ਼ਿੰਦਗੀ ਦੇ ਚੈਨ ’ਤੇ, ਨੀਂਦਾਂ ’ਤੇ
ਆਸਾਂ ’ਤੇ, ਸਾਹਾਂ ’ਤੇ, ਉਮਾਹਾਂ ’ਤੇ
ਸੁਪਨਿਆਂ ਦੇ ਅੰਬਾਰਾਂ
ਤੇ ਮੁੜ੍ਹਕੇ ਦੇ ਦਰਿਆਵਾਂ ਨਾਲ
ਉਸਾਰੇ ਗਏ ਸਿਰ ਲੁਕਾਵਿਆਂ ਤੇ

ਮਾਸੂਮ ਬਾਲ ਭੁੱਲ ਕੇ ਖੇਡਾਂ
ਪੜ੍ਹਨ ਲੱਗਦੇ ਨੇ ਜ਼ਖ਼ਮਾਂ ਦੀ ਲਿੱਪੀ
ਮਾਪੇ ਜੀਣ ਲੱਗਦੇ ਸਾਹ ਦਰ ਸਾਹ
ਸਹਿਮ ਵਿਚ

ਵੈਦ ਹਕੀਮ ਲੱਗ ਪੈਂਦੇ
ਜੰਗ ਦੇ ਸਾੜੇ ਵੱਢੇ
ਸਰੀਰਾਂ ਨਾਲ ਜੂਝਣ

ਰੰਗਲੇ ਲਿਬਾਸ ਸੀਣ ਵਾਲੇ ਹੱਥ
ਲੱਗ ਪੈਂਦੇ ਕਫ਼ਨ ਸਿਊਣ

ਛਾਵਾਂ ਦੇਣ ਵਾਲੇ ਬਿਰਖ
ਖਪਣ ਲੱਗਦੇ ਲਾਸ਼ਾਂ ਨੂੰ
ਬਿੱਲੇ ਲਾਉਣ ਵਿਚ

ਮੀਸਣੀ ਵੀ ਬਹੁਤ ਹੁੰਦੀ ਏ ਜੰਗ
ਆਪਸ ਵਿਚ ਅਨਜਾਣ
ਵੈਰ ਵਿਰੋਧ-ਹੀਣ ਬੰਦਿਆਂ ਨੂੰ
ਤੋਰ ਦੇਂਦੀ ਮਾਰਨ ਇਕ ਦੂਜੇ ਨੂੰ
ਰੋਟੀ ਦਾ ਟੁਕੜਾ ਵਿਖਾ ਕੇ

ਤਬਾਹ ਹੁੰਦੇ ਪਰਿਵਾਰ
ਮਰਦੇ ਰਹਿੰਦੇ ਬਾਲ
ਕੋਈ ਵਾਸਤਾ ਨਹੀਂ
ਜੰਗ ਨਾਲ ਜਿਨ੍ਹਾਂ ਦਾ

ਇਸ ਦੇ ਪੈਦਾ ਕੀਤੇ
ਅੱਗ ਦੇ ਭਾਂਬੜ, ਧੂੰਏਂ ਦੇ ਗੁਬਾਰ
ਤੇ ਜ਼ਿੰਦਗੀ ਦੀ ਅਥਾਹ ਢਠਵਾੜ
ਸਦੀਆਂ ਲੰਮੇ ਛੇਕ ਕਰ ਦਿੰਦੀ
ਸਮੇਂ ਦੇ ਚੇਤਿਆਂ ਵਿਚ
ਪਰ ਐਨ ਵਿਚਕਾਰ...ਜੰਗ ਦੀ
ਹਨੇਰੀ ਤੇ ਮਾਰੂ ਮਨਸੂਬਾਬੰਦੀ ਦੇ
ਚੁਣੌਤੀ ਦੇਂਦੀ ਰਹਿੰਦੀ ਜ਼ਿੰਦਗੀ ਉਸ ਨੂੰ
ਜਗਾ ਕੇ ਜਲੌਅ ਆਪਣਾ

ਹਰੇਕ ਜੰਗ ਵਾਂਗ
ਯੂਕ੍ਰੇਨ ਤੇ ਫ਼ਲਸਤੀਨ
ਜਾਂ ਕਿਸੇ ਵੀ ਹੋਰ ਜੰਗ ਦੌਰਾਨ
ਜ਼ਮੀਨਦੋਜ਼ ਝਰੋਖਿਆਂ ’ਤੇ
ਹਨੇਰੇ ਭੋਰਿਆਂ ਵਿਚ ਪੈਦਾ ਹੋ ਰਹੇ ਨੇ
ਫੁੱਲਾਂ ਵਰਗੇ ਬਾਲ
ਚਾਨਣ ਦੇ ਸੁਨੇਹੇ ਬਣ ਕੇ
ਦੇ ਰਹੇ ਜ਼ਿੰਦਗੀ ਨੂੰ ਉਮੀਦ ਦੇ ਤਾਰੇ

ਕਸਮਸਾ ਰਹੀਆਂ ਨੇ
ਸਮਿਆਂ ਦੀ ਬਰਫ਼ ਹੇਠ
ਦੱਬੀਆਂ ਸਾਵੀਆਂ ਕਰੂੰਬਲਾਂ
ਮੌਲਣ ਤੇ ਖਿੜਨ ਵਾਸਤੇ
ਪਸਾਰਦਿਆਂ...ਸੁਨੇਹਾ
ਕਿ ਅੱਗ ਨੇ ਬੁਝਣਾ ਹੈ
ਬਰਫ਼ਾਂ ਨੇ ਪਿਘਲਣਾ ਹੈ
ਤੇ ਪੂੰਝ ਕੇ ਜੰਗ ਨੂੰ
ਇਸ ਦੇ ਦਿੱਤੇ ਜ਼ਖ਼ਮਾਂ ਸਮੇਤ
ਛਾਉਣਾ ਹੀ ਹੈ ਜ਼ਿੰਦਗੀ ਨੇ
ਆਪਣੇ ਸਾਰੇ ਰੰਗਾਂ
ਨਗ਼ਮਿਆਂ, ਸੁਪਨਿਆਂ
ਤੇ ਹਾਸਿਆਂ ਸਮੇਤ ਕਾਇਨਾਤ ’ਤੇ
ਬਹੁਤ ਜਲਦੀ

•

# ਜਾਮਨੂੰ

ਯਾਦ ਆ ਰਿਹਾ
ਬਚਪਨ ਵਿਚ ਤੱਕਿਆ
ਗਲੀ ਵਿਚ ਜਾਮਨੂੰ ਵੇਚਦਾ ਬੰਦਾ

ਉਹ ਖਰੀਦਦਾਰ ਦੇ
ਜਾਮਨੂੰ ਤੋਲਣ ਪਿੱਛੋਂ
ਉਨ੍ਹਾਂ ਨੂੰ ਲੋਹੇ ਦੇ
ਕਿੱਲੋ ਕੁ ਆਕਾਰ ਦੇ
ਡੱਬੇ ਵਿਚ ਪਾਉਂਦਾ
ਉੱਤੇ ਖ਼ਾਸ ਜਿਹਾ ਲੂਣ ਧੂੜਦਾ
ਤੇ ਡੱਬਾ ਬੰਦ ਕਰਕੇ
ਜ਼ੋਰ ਨਾਲ ਹਿਲਾਉਂਦਾ
ਜਾਮਨੂੰਆਂ ਨੂੰ ਉਪਰ ਥੱਲੇ
ਆਸੇ ਪਾਸੇ ਟਕਰਾਉਂਦਾ
ਜਾਮਨੂੰਆਂ ਵਿਚ ਲੂਣ ਰਚ ਜਾਂਦਾ
ਤੇ ਸੱਟਾਂ ਨਾਲ ਫਿੱਸੇ ਜਾਮਨੂੰ
ਵਧੇਰੇ ਸੁਆਦ ਹੋ ਜਾਂਦੇ
ਖਾਣ ਵਾਲੇ ਲਈ

ਕੀ ਪਤਾ ਸੀ ਕਿਸੇ ਨੂੰ
ਕਿ ਬਦਲ ਜਾਏਗਾ ਇਹ ਵਰਤਾਰਾ
ਕੁਝ ਹੀ ਦਹਾਕਿਆਂ ਪਿੱਛੋਂ ਇਸ ਤਰ੍ਹਾਂ
ਲੋਹੇ ਦੇ ਡੱਬੇ ਦੀ ਥਾਂ
ਸਿਆਸਤ ਹੋਵੇਗੀ
ਭੁੱਕਿਆ ਜਾਣ ਵਾਲਾ ਲੂਣ
ਸਿਆਸਤ ਦਾ ਹੁਕਮ ਹੋਵੇਗਾ
ਤੇ ਲੋਕ ਜਾਮਨੂੰ ਹੋਣਗੇ

•

# ਖ਼ਤਰਨਾਕ ਜੀਵ

ਗਲ਼ੀ ਵਿਚਲੇ ਖ਼ਾਲੀ ਪਲਾਟ ਵਿਚ
ਖਿੱਲਰੇ ਦਾਣੇ
ਚੁਗ ਰਹੀਆਂ ਚਿੜੀਆਂ
ਕੁਝ ਗਟਾਰਾਂ ਤੇ ਫਿਰ ਬੁਲਬੁਲਾਂ ਵੀ
ਆ ਕੇ ਲੱਗੀਆਂ ਚੁਗਣ
ਫਿਰ ਉਨ੍ਹਾਂ ਤੋਂ ਵੀ ਵੱਡੇ ਆਕਾਰ ਵਾਲੇ
ਦੋ ਤੋਤੇ ਤੇ ਤਿੰਨ ਕਬੂਤਰ ਵੀ ਸ਼ਾਮਲ ਹੋ ਗਏ

ਉਸੇ ਪਲ ਕੁਝ ਸਾਧੂ
ਇਹ ਹਾਥੀ ਲੈ ਕੇ ਲੰਘੇ
ਸਾਰੇ ਪੰਛੀ ਥੋੜ੍ਹਾ ਹਿੱਲੇ
ਤੇ ਚੁਗਣ ਲੱਗ ਪਏ
ਫਿਰ ਪਹਿਲਾਂ ਵਾਂਗ
ਇੱਕ ਚਿੜੀ ਹਾਥੀ ਦੇ ਸਿਰ ਤੋਂ
ਉਡਾਰੀ ਵੀ ਮਾਰ ਆਈ
ਇੱਕ ਕੁੱਤਾ ਸੁੱਤਾ ਰਿਹਾ ਇਕ ਪਾਸੇ

ਉੱਡ ਗਏ ਇਕੋ ਦਮ
ਸਾਰੇ ਦੇ ਸਾਰੇ ਪੰਖੇਰੂ
ਇੱਕ ਆਦਮੀ ਨੂੰ ਵੇਖ ਕੇ

•

# ਇਕੱਠਿਆਂ ਤੁਰਨਾ

ਇਹ ਇਵੇਂ ਹੁੰਦਾ
ਜਿਵੇਂ ਇਕ ਦੂਜੇ ਦੇ
ਚਾਨਣ ਵਿਚ ਲਹਿਰਦਿਆਂ
ਖ਼ੁਦ ਨੂੰ ਕਿਰਨ ਕਿਰਨ ਮਹਿਸੂਸ ਕਰਨਾ
ਇਕ ਦੂਜੇ ਦੀ ਮਹਿਕ ਨਾਲ
ਬਰ ਮੇਚਣ ਦੀ ਕੋਸ਼ਿਸ਼ ਕਰਦਿਆਂ
ਸਮਰਪਿਤ ਹੁੰਦਿਆਂ ਹੋਇਆਂ
ਆਪਸੀ ਮਹਿਕ ਵਿਚਲੀ ਵੱਖਰਤਾ ਨੂੰ
ਸਨਮਾਨ ਦੇਣਾ ਤੇ ਕੋਸ਼ਿਸ਼ ਕਰਨਾ
ਕਿ ਹਰੇਕ ਮਹਿਕ
ਤੇ ਹਰੇਕ ਕਿਰਨ ਦਾ
ਨਵੇਕਲਾਪਨ ਜਿਊਂਦਾ ਰਹੇ
ਤਾਂ ਕਿ ਕਾਇਮ ਰਹੇ
ਇਸ ਦੁਨੀਆ ਦੀ ਰੰਗ ਬਿਰੰਗਤਾ
ਤੇ ਇਹ ਦੁਨੀਆ ਵੀ ਬਣੀ ਰਹੇ
ਜਿਊਣ ਵਾਸਤੇ ਸੁਖਾਵੀਂ...

•

## ਚੁੰਨੀ ਦੀ ਨੁੱਕਰੇ ਬੱਝੀ ਗੰਢ

ਕਈ ਵਾਰ ਕੋਈ ਜ਼ਰੂਰੀ ਕੰਮ ਕਰਨਾ ਹੁੰਦਾ
ਕਿਸੇ ਨੂੰ ਸੁਨੇਹਾ ਦੇਣਾ ਹੁੰਦਾ
ਜਾਂ ਇਸ ਤਰਾਂ ਦੇ ਕਿਸੇ ਹੋਰ ਕੰਮ ਦਾ ਵੀ
ਚੇਤਾ ਭੁੱਲ ਜਾਂਦਾ ਅਕਸਰ

ਸਹੇਲੀਆਂ ਨੇ ਸਿਖਾਈ
ਚੁੰਨੀ ਦੀ ਇਕ ਨੁੱਕਰ ਨੂੰ ਮਾਰ ਲੈਣੀ
ਨਿੱਕੀ ਜਿਹੀ ਗੰਢ
ਆਪਣੇ ਵੱਲੋਂ ਚੇਤੇ ਨੂੰ ਵਿਚ ਬੰਨ੍ਹ ਲੈਣਾ

ਫਿਰ ਯਾਦ ਆ ਜਾਣਾ ਉਹ ਕੰਮ ਜਾਂ ਸੁਨੇਹਾ
ਉਸ ਗੰਢ ਨੂੰ ਸਰਸਰੀ ਟੋਂਹਦਿਆਂ
ਜਾਂ ਗੰਢ ਬੱਝੀ ਵੱਖ ਕੇ
ਪੁੱਛ ਲੈਣਾ ਕਿਸੇ ਨੇ, ਉਸ ਗੰਢ ਬਾਰੇ
ਤਾਂ ਯਾਦ ਆ ਜਾਣਾ, ਚੇਤੇ ਵਾਸਤੇ
ਗੰਢ ਵਿਚ ਬੱਝਿਆ ਸੁਨੇਹਾ ਜਾਂ ਕੰਮ

ਫਿਰ ਇਹ ਕੰਮ ਸੰਭਾਲ ਲਿਆ
ਮੋਬਾਈਲ ਨੇ ਇੰਟਰਨੈੱਟ ਦੇ ਖੰਭਾਂ ਤੇ ਉੱਡਦਿਆਂ
ਇੰਟਰਨੈੱਟ ਨੇ ਲਿਆ ਉਤਾਰੀ ਮੋਬਾਈਲ ਵਿਚ
ਸਾਰੀ ਦੁਨੀਆਂ, ਸਗੋਂ ਖੰਡ ਬ੍ਰਹਿਮੰਡ ਵੀ ਸਾਰਾ


ਏਨੀ ਭੀੜ ਵਿਚ ਗੁਆਚਣ ਲੱਗ ਪਏ
ਚੇਤੇ ਤੇ ਫ਼ਿਰ ਚੁੰਨੀਆਂ ਤੱਕ ਗਾਇਬ ਹੋ ਗਈਆਂ

ਕੁਝ ਨਹੀ ਲੱਭਦਾ ਹੁਣ ਕਿੱਥੇ ਰੱਖਿਆ ਸੀ
ਮੋਬਾਈਲ ਦੇ ਕਿਸ ਖਾਨੇ ਵਿਚ

ਕਿਸ ਤਰੀਕੇ ਨਾਲ ਤੇ ਕਦੋਂ
ਝੁੰਜਲਾ ਜਾਂਦਾ ਏ ਦਿਮਾਗ਼ ਤੇ ਸੋਚ

ਚੁੰਨੀ ਦੀ ਨੁੱਕਰ ਵਾਲੀ ਗੰਢ ਤੇ
ਵਾਪਸ ਆ ਰਹੀ ਹਾਂ ਮੈਂ

•



## ਕਵਿਤਾ ਪੜ੍ਹਦਿਆਂ

ਕੋਈ ਕਵਿਤਾ ਪੜ੍ਹਦਿਆਂ ਕਦੇ
ਅੰਦਰ ਧੁਖਣ ਲਗਦਾ ਏ ਕੁਝ
ਰਿਸਣ ਲਗਦਾ ਅੰਦਰ
ਮੱਠਾ ਮੱਠਾ ਸੇਕ

ਯਾਦ ਆਉਂਦਾ, ਪਿੰਡਾਂ ਵਿੱਚ
ਸੁਆਣੀਆਂ ਦਾ ਦੱਬ ਛੱਡਣਾ ਅੱਗ ਨੂੰ
ਮਿੱਟੀ ਦੇ ਚੁੱਲ੍ਹੇ ਵਿੱਚ
ਜਦੋਂ ਫੂਕ ਮਾਰਨੀ ਉਸ ਨੂੰ
ਧੁਖਦੀ ਧੁਖਦੀ ਅੱਗ ਨੇ
ਧੂੰਏਂ ਨੂੰ ਪਰ੍ਹੇ ਹਟਾਉਂਦਿਆਂ
ਜਾਗ ਕੇ ਝੱਟ
ਸੁਨਹਿਰੀ, ਪੀਲ਼ੀਆਂ ਲਾਲ
ਥਿਰਕਦੀਆਂ ਠੁਮਕਦੀਆਂ ਨੱਚਦੀਆਂ
ਲਾਟਾਂ ਵਿੱਚ ਢਲਣ ਲੱਗ ਪੈਣਾ

ਕਿਸੇ ਪਲ ਇੰਜ
ਸਾਹ ਵਿਚਲੀ ਹਵਾ ਦੀ ਰਕਾਨ
ਫੂਕ ਮਾਰਦੀ ਏ ਅੰਦਰ ਕਿਤੇ
ਕਿਸੇ ਦੱਬੀ ਪਈ ਅੰਗਿਆਰੀ ਤੇ
...ਹਟਾ ਕੇ ਧੂੰਆਂ
ਖਿਆਲਾਂ ਦੇ ਜਮਘਟ ਦਾ
ਫੁੱਟ ਪੈਂਦੀ ਕਵਿਤਾ

ਤੇ ਖ਼ਬਰੇ ਕਿੰਨੀਆਂ ਫੂਕਾਂ ਨੇ
ਜਗਾਈਆਂ ਹੋਣਗੀਆਂ ਕਿੰਨੀਆਂ ਲਾਟਾਂ

ਕਵਿਤਾ ਲਿਖਣ ਵਾਲੇ ਦੇ ਅੰਦਰ
ਕਿ ਜਗ ਪਈ ਹੋਵੇਗੀ
ਮਘਾਅ ਚੁੱਕੀ ਫਿਰਦੀ
ਕਵਿਤਾ ਕੋਈ

•



# ਜਿਊਂਦੇ ਹੋਏ ਹੋਣਾ

ਜ਼ਿੰਦਗੀ ਦਾ ਸ਼ਬਦ ਪੜ੍ਹਦਿਆਂ
ਸੋਚਦੀ ਹਾਂ ਅਕਸਰ
ਕਿੰਜ ਦਾ ਹੁੰਦਾ ਏ
ਜਿਊਂਦੇ ਹੋਏ ਹੋਣਾ...!

ਹਵਾ ਨੂੰ ਦੇਖਦੀ ਹਾਂ...
ਨਾ-ਮਾਲੂਮ, ਨਿਮਰ ਜਿਹੇ ਰਹਿੰਦਿਆਂ
ਦੇਈ ਜਾਣਾ ਸਾਹ
ਸਾਰੀ ਧਰਤੀ, ਪਾਣੀਆਂ, ਪੌਣਾਂ ਦੇ
ਜੀਆਂ, ਬਿਰਖਾਂ ਤੇ ਹਰਿਆਲੀ ਨੂੰ
ਅੱਕ ਥੱਕ ਕੇ ਕਦੇ
ਬੈਠ ਜਾਣਾ ਚੁੱਪ ਕਰਕੇ
ਪੈਦਾ ਕਰ ਦੇਣਾ ਗਹਿਰਾ ਹੁੰਮਸ
ਤੇ ਚੁੱਕ ਲੈਣੀ ਰਫ਼ਤਾਰ
ਉਸੇ ਹੁੰਮਸ ਦੇ ਖੇਤਰ ਵਿਚੋਂ ਸ਼ਕਤੀ ਲੈ
ਜ਼ੋਰਦਾਰ ਹਨੇਰੀ ਬਣ ਕੇ
ਦਿਖਾ ਦੇਣੀ ਹੋਂਦ ਬਸ!

ਪਾਣੀਆਂ ਨੂੰ ਤੱਕਦੀ ਹਾਂ
ਘੁਲ਼ਣ ਦੇਣਾ ਆਪਣੇ ਵਿਚ
ਕਈ ਰੰਗਾਂ, ਸੁਭਾਵਾਂ ਵਾਲੇ ਖਣਿਜ
ਗੁੰਦੇ ਜਾਣ ਦੇਣਾ ਜੀਵਾਂ ਦੇ, ਪੌਦਿਆਂ ਦੇ
ਸਾਰੀ ਜ਼ਿੰਦਗੀ ਵਾਸਤੇ ਸਰੀਰਾਂ ਨੂੰ
ਕਦੇ ਫਿਰ ਤੋਂ ਘੋਲ ਲੈਣਾ
ਸਭ ਨੂੰ ਆਪਣੇ ਵਿਚ
ਦਰਿਆ ਬਣ ਵਹਿੰਦਿਆਂ
ਸਾਗਰ ਬਣ ਉਛਲਦਿਆਂ

ਹੋ ਜਾਣਾ ਹਵਾ ਵਿਚ ਹਵਾ
ਅੰਬਰ ਗਾਹੁੰਦਿਆਂ ਹੋ ਜਾਣਾ ਬੱਦਲ
ਹੋ ਜਾਣਾ ਹੜ੍ਹ, ਤੂਫ਼ਾਨ, ਬਰਫ਼ਾਂ
ਜਗਾ ਲੈਣੀਆਂ ਆਪਣੀਆਂ
ਅੰਦਰ ਸੁੱਤੀਆਂ ਬਿਜਲੀਆਂ
ਤੇ ਕੜਕ, ਚਮਕ ਤੌਬਾ...ਫਿਰ!

ਅੱਗ ਨੂੰ ਵੇਖਦੀ ਹਾਂ
ਸੁਲਗਦਿਆਂ, ਧੁਖਦਿਆਂ
ਬਲਦੇ ਰਹਿਣਾ ਧੀਮੇਂ ਧੀਮੇਂ
ਜੀਆਂ ਦੇ, ਬਿਰਖ ਬੂਟਿਆਂ ਦੇ
ਮਨਾਂ ਤਨਾਂ ਵਿਚ ਤੱਤ ਬਣ ਕੇ
ਜੀਂਦੇ ਰੱਖਦਿਆਂ ਖ਼ੁਦ ਨੂੰ
ਜੀਂਦੇ ਰੱਖਣਾ ਹਰ ਕਿਸੇ ਨੂੰ
ਤੱਕਦਿਆਂ ਬੇਨਿਯਮੀਆਂ ਕਿਤੇ
ਲਾਗੂ ਕਰਨੇ ਨਿਯਮ ਆਪਣੇ
ਸਾਕਾਰ ਹੋ ਜਾਣਾ
ਸਾਰੇ ਆਕਾਰਾਂ ਵਿਚ, ਪ੍ਰਕਾਰਾਂ ਵਿਚ
ਸੁਬ-ਸੁਬ ਧੁਖਦਿਆਂ
ਬਲ਼ ਪੈਣਾ ਤੜਕ, ਤੜਾਕ...ਲਾਟਾਂ ਵਿਚ
ਸਮੇਟ ਲੈਣਾ ਬੁੱਕਲ ਵਿਚ
ਦਿਖਾ ਦੇਣੀ ਹੋਂਦ...

ਤੱਕਦੀ ਹਾਂ ਫਿਰ...
ਨਿਮਰ ਨਿਮਾਣੇ ਜਿਹੇ
ਹਰੇ ਕਚੂਰ, ਪੀਲੇ ਭੂਰੇ ਘਾਹ ਨੂੰ

ਬਿਨ ਧਰਤੀ ਵਾਹਿਆਂ, ਬਿਨ ਬੀਜਿਆਂ
ਬਿਨ ਸਿੰਜਿਆਂ, ਬਿਨ ਦਿੱਤਿਆਂ

ਕਿਸੇ ਵੱਲੋਂ ਕੋਈ ਖੇਤ, ਖੱਤਾ
ਜਾਂ ਟੋਟਾ ਧਰਤੀ ਦਾ
ਉੱਗੀ ਜਾਣਾ ਮਿੱਟੀ ’ਤੇ
ਇੱਟਾਂ ’ਤੇ, ਪੱਥਰਾਂ ’ਤੇ
ਪੱਥਰਾਂ ਦੇ ਵਿਚਕਾਰ
ਤੇ ਸਭ ਝੀਤਾਂ ਤ੍ਰੇੜਾਂ ਵਿਚ
ਫੁੱਲਾਂ, ਝਾੜੀਆਂ ਤੇ ਬਿਰਖਾਂ ਦੇ ਆਸ ਪਾਸ
ਵਿਚ ਵਿਚਾਲੇ, ਨਾਲ ਨਾਲ
ਬਿਨ ਕਿਸੇ ਦੇ ਰੰਗ ਆਕਾਰ
ਮਹਿਕ ਤੇ ਖ਼ੂਬਸੂਰਤੀ ਨਾਲ ਈਰਖਾ
ਬਿਨ ਖ਼ੁਦ ਨੂੰ ਨਿੱਕੇ, ਹੀਣੇ
ਅਣਗੌਲੇ ਮਹਿਸੂਸ ਕੀਤਿਆਂ
ਪਸਾਰੀ ਜਾਣਾ ਸਾਵਾਪਨ
ਆਪਣੀ ਧੁਨੇ ਆਪਣੀ ਤਰਜ਼ੇ...

ਮਾਣ ਕੇ ਪਾਰੀ ਆਪਣੀ, ਸੁੱਕਣਾ ਜਦੋਂ
ਮੁੱਕ ਗਏ ਜਿਹੇ ਜਾਪਦਿਆਂ
ਸਾਂਭ ਜਾਣਾ ਆਪਣੇ ਬੀਜਾਂ ਵਿਚ
ਹਰ ਥਾਂ ਉੱਗਣ, ਆਜ਼ਾਦੀ ਨਾਲ ਜੀਣ
ਪੱਲਰਨ, ਪੱਸਰਣ ਦੀ ਰੀਝ
ਉਮੀਦ, ਜ਼ਿਦ ਤੇ ਤਾਕਤ ਸਮੇਤ
ਫਿਰ ਤੋਂ ਉੱਗਣ ਦਾ ਲੋਰ
ਮੌਸਮਾਂ ਦੇ ਅੰਦਰ, ਨਾਲ
ਉਲਟ ਤੇ ਆਰ-ਪਾਰ...

ਪੁੱਛਦੀ ਹਾਂ ਆਪਣੇ ਆਪ ਨੂੰ
ਜ਼ਿੰਦਾ ਹਾਂ ਮੈਂ...ਤੇ ਸਚਮੁੱਚ ?

•

## ਜਾਪਦਾ ਰਹਿੰਦਾ

ਜਾਪਦਾ ਰਹਿੰਦਾ ਮੈਨੂੰ
ਕਿ ਸ਼ਬਦ ਵੀ ਹੁੰਦੇ ਨੇ
ਬੰਦਿਆਂ ਵਰਗੇ ਹੀ
ਬਾਹਰੋਂ ਕੁਝ...ਕੁਝ ਹੋਰ ਅੰਦਰੋਂ

ਜਿਵੇਂ ਬਹੁਤੇ ਨਜ਼ਦੀਕ ਹੋਣਾ
ਹੋ ਸਕਦਾ ਏ ਬਹੁਤ ਦੂਰ ਹੋਣਾ ਅੰਦਰੋਂ
ਤੇ ਬਹੁਤ ਦੂਰ ਹੋਣਾ ਹੋ ਸਕਦਾ
ਜਾਂ ਕਰ ਸਕਦਾ ਏ
ਬੇਹੱਦ ਨਜ਼ਦੀਕ ਅੰਦਰ ਤੋਂ
...ਜਾਂ ਹੋ ਈ ਜਾਂਦਾ, ਇੰਜ ਫਿਰ

ਅਸਲ ਵਿਚ ਪਤਾ ਹੀ ਨਹੀਂ ਹੁੰਦਾ
ਨਜ਼ਦੀਕੀ ਵਿਚ ਭਰਿਆ ਹੈ
ਕਿੰਨਾ ਕੁ ਨਜ਼ਦੀਕ-ਪਣ
ਤੇ ਕਿੰਨੀ ਭਰਪੂਰ ਹੈ ਦੂਰੀ
ਫ਼ਾਸਲੇ ਦੇ ਅਹਿਸਾਸ ਨਾਲ

ਬਾਵਜੂਦ ਇਸ ਦੇ
ਲੱਭਦੇ ਰਹਿੰਦੇ ਹਾਂ
ਸ਼ਬਦਾਂ ਵਿਚੋਂ ਤਾਂ ਉਮਰ
ਉਨ੍ਹਾਂ ਨਾਲ ਲਿਖੇ ਨਾਵਾਂ ਨੂੰ ਹੀ ਸਦਾ
ਲੱਭਦੇ ਰਹਿੰਦੇ ਹਾਂ ਜਿਵੇਂ
ਰਿਸ਼ਤੇ ਵਿਚੋਂ ਰਿਸ਼ਤਾ
ਦੋਸਤ ਵਿਚੋਂ ਦੋਸਤੀ
ਤੇ ਇਨਸਾਨ ਵਿਚੋਂ ਇਨਸਾਨ

•